੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/ Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 20, 8-14 April, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੦, ੮-੧੪ ਅਪ੍ਰੈਲ ੨੦੨੧, ਜਿਲਦ ੩੧ | ੨੬ ਚੇਤਰ-੨ ਵੈਸਾਖ ੨੦੭੭-੭੮, ਨਾਨਕਸ਼ਾਹੀ ਸੰਮਤ ੫੫੩

ਖ਼ਾਲਸਾ ਸਾਜਨਾ ਦਿਵਸ: 13 ਅਪ੍ਰੈਲ / ੧ ਵਿਸਾਖ

# ਇਹ ਤੀਸਰ ਮਜ਼ਹਬ ਖਾਲਸਾ ਉਪਜਯੋ ਪਰਧਾਨਾ॥

❖ ਭਾਈ ਸਾਹਿਬ ਭਾਈ ਵੀਰ ਸਿੰਘ

ਗੁਰੂ ਨਾਨਕ ਦੇਵ ਜੀ ਜਦ ਜਗਤ ਵਿਚ ਆਏ ਸੇ ਤਾਂ ਉਨ੍ਹਾਂ ਨੇ ਕੀਹ ਡਿਠਾ ਸੀ? ਭਾਈ ਗੁਰਦਾਸ ਜੀ ਦੱਸਦੇ ਹਨ-

**ਬਾਬਾ ਦੇਖੈ ਧਿਆਨ ਧਰਿ**
**ਜਲਤੀ ਸਭਿ ਪ੍ਰਿਥਵੀ ਦਿਸਿ ਆਈ।** (ਭਾ. ਗੁ. ਵਾਰ 1-24)

ਹੁਣ ਜਦ ਦਸਮੇਂ ਜਾਮੇ ਨਜ਼ਰ ਮਾਰੀ ਤਾਂ ਜ਼ੋਰ ਜ਼ੁਲਮ ਦੇ ਭਾਂਬੜ ਹੀ ਮਚੇ ਦੇਖੇ, ਕੂੜ ਕਪਟ ਦੀ ਬੇਹਦਤਾਈ ਵੇਖੀ, ਮਜ਼ਲੂਮ ਬੀ ਢੈਂਦੀਆਂ ਕਲਾਂ ਤੇ ਕਪਟਾਂ ਵਿਚ ਵਧੇ ਹੋਏ, ਤਾਂ ਆਪ ਨੇ ਇਹ ਦੇਖਕੇ ਫ਼ੁਰਮਾਇਆ:-

**ਦੁਹਹੂੰ ਪੰਥ ਮੈਂ ਕਪਟ ਬਿਦਿਆ ਚਲਾਨੀ।**

ਇਸੇ ਹਾਲਤ ਨੂੰ ਭਾਈ ਗੁਰਦਾਸ ਦੂਜੇ ਨੇ ਐਉਂ ਵਰਣਨ ਕੀਤਾ ਹੈ:-

**ਮਲਵਾਨੇ ਕਾਜ਼ੀ ਫਿਰ ਥਕੇ ਕੁਛ ਮਰਮ ਨ ਜਾਨਾ।**
**ਲਖ ਪੰਡਤ ਬ੍ਰਹਮਨ ਜੋਤਕੀ ਬਿਖ-ਰਸ ਉਰਝਾਨਾ।**
**ਇਉਂ ਦੋਨੋ ਫਿਰਕੇ ਕਪਟ ਮੈ ਰਚ ਰਹੇ ਨਿਦਾਨਾ।**

ਇਸ ਹਾਲਤ ਦਾ ਦਾਰੂ ਦਾਤਾ ਨੇ ਅਪਣੀ ਸੋਚ ਤੇ ਗ਼ਮਗ਼ੀਨ ਵੀਚਾਰ ਵਿਚੋਂ, ਜਿਸ ਵਿਚ ਮਸੱਵਰ ਨੇ ਆਪ ਨੂੰ ਦੱਸਿਆ ਹੈ, ਇਹ ਵਿਚਾਰਿਆ-

**ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ।**

ਇਹ ਤੀਸਰਾ ਪੰਥ ਨਿਸ਼ਕਪਟ ਸੀ, ਇਸ ਨੂੰ ਪ੍ਰਧਾਨ ਬਨਾਉਣ ਦੀ ਵੀਚਾਰ ਕੀਤੀ ਤੇ ਉਹ ਪ੍ਰਧਾਨ ਕਰ ਘੱਤਿਆ। ਦੂਜੇ ਭਾਈ ਗੁਰਦਾਸ ਜੀ ਲਿਖਦੇ ਹਨ:-

**ਇਹ ਤੀਸਰ ਮਜ਼ਹਬ ਖਾਲਸਾ ਉਪਜਯੋ ਪਰਧਾਨਾ।**

ਤੀਸਰੇ ਪੰਥ ਨੂੰ ਕਿਉਂ ਪ੍ਰਧਾਨ ਬਨਾਉਣ ਦੀ ਸੋਚੀ? ਇਸ ਕਰਕੇ ਕਿ ਉਸ ਵਿਚ ਕਪਟ ਵਿਦਯਾ ਨਹੀਂ ਸੀ। ਨੌ ਜਾਮੇ ਧਾਰਕੇ ਸਤਿਗੁਰ ਸੂਰੇ ਨੇ ਇਹ ਪੰਥ ਤੋਰਿਆ ਸੀ, ਜਿਸ ਨੂੰ ਨਿਸ਼ਕਪਟ, ਸੁੱਚਾ ਸਰਲ ਤੇ ਸਾਫ ਬਣਾ ਦਿੱਤਾ ਸੀ। ਇਸਨੂੰ ਹੁਣ ਸਤਿਗੁਰ ਜੀ ਪ੍ਰਧਾਨਤਾ ਦੇਣੀ ਚਾਹੁੰਦੇ ਸਨ।

ਇਹ ਪੰਥ ਨਿਰਮਲ ਪੰਥ ਹੋ ਚੁਕਾ ਸੀ। ਇਹ ਨਾਮ ਦੇ ਪਜਾਰ ਨਾਲ ਅੰਤਰ ਆਤਮੇ ਵਾਹਿਗੁਰੂ-ਸੰਜੋਗੀ ਰਹਿੰਦਾ ਸੀ। ਇਹ ਬਾਣੀ ਦੇ ਆਸਰੇ ਕਰਤਾਪੁਰਖ ਦੀ ਸਿਫਤ ਸਲਾਹ ਨਾਲ ਉਜਲ ਹੁੰਦਾ ਅਮਲੀ ਜੀਵਨ ਵਿਚ ਉੱਚ-ਆਚਰਣੀ ਹੋ ਗਿਆ ਸੀ। ਇਸ ਵਿਚ ਹੁਣ ਲੋੜ ਸੀ ਤਾਂ ਸਚੇ ਸ਼ੌਰਯ ਦੀ, ਕਿ 'ਬੀਰ ਰਸ' ਇਕ ਰਾਖਾ ਬਣਕੇ 'ਸ਼ਾਂਤਿ ਰਸ' ਦੀ ਰਖ੍ਯਾ ਕਰੇ ਤੇ ਉਸ ਸ਼ਾਂਤਿ ਰਸ ਵਾਲੇ ਨਾਮ ਰਸੀਏ ਜਗਤ ਵਿਚ 'ਸਚ ਤੇ ਪ੍ਰੇਮ' ਦਾ ਪ੍ਰਚਾਰ ਕਰਨ। ਸੱਚ ਤੇ ਪ੍ਰੇਮ ਨਾਲ ਜਗਤ ਵਿਚੋਂ ਦ੍ਵੈਖ ਹਟੇ ਤੇ ਭ੍ਰਾਤ੍ਰੀ ਪਜਾਰ ਵਧੇ। ਇਉਂ ਕਲਹ ਕਲੇਸ਼ ਦਾ ਨਾਸ਼ ਹੋਵੇ।

ਹੁਣ ਦਾਤੇ ਨੇ ਸੋਚਿਆ ਕਿ ਛੇਵੇਂ ਜਾਮੇ ਜੋ ਬੀਰ ਰਸ ਨੂੰ ਸ਼ਾਂਤਿ ਰਸ ਦੀ ਵਾੜ ਬਣਾਇਆ ਸੀ, ਇਸਨੂੰ ਇਨ੍ਹਾਂ ਉਧਰੇ ਜੀਵਾਂ ਵਿਚ

## ਅੰਦਰ............

☐ ਵਿਸਾਖੀ ਦਾ ਮੇਲਾ 3
☐ ਸੰਤ ਬਿਮਲਾ ਸਿੰਘ: ਗਈ ਬਹੋੜ 5
☐ Creation of the Khalsa 7
☐ 100 ਸਾਲ ਪਹਿਲਾਂ: ਸਿੱਖ ਗੁਰਦੁਆਰਿਆਂ ਦਾ ਬਿੱਲ 10
☐ ਸ਼ਬਦ ਵਿਆਖਿਆ 11
☐ ਖਬਰ-ਸਾਰ 12

ਇਕ ਜੀਵਨ ਦਾ ਹਿੱਸਾ ਹੀ ਬਣਾ ਦੇਵੀਏ। ਏਹ ਪਰਮੇਸ਼ਰ ਦੇ ਪਿਆਰੇ ਹਨ, ਉੱਚ ਆਚਰਣੀ ਹਨ, ਇਹ ਪਜਾਰ ਦੇ ਹਲਕਾਰੇ ਹਨ, ਇਹ ਜਗਤ ਨੂੰ ਸੁਖ ਦੇਣਗੇ, ਜ਼ੋਰ ਜ਼ੁਲਮ ਨੂੰ ਦੂਰ ਕਰਨਗੇ। ਇਹ ਤਲਵਾਰ ਨੂੰ ਢਾਲ ਬਣਾਕੇ ਵਰਤਣਗੇ। ਇਹ ਜ਼ੁਲਮ ਅੱਗੇ ਝੁਕਣਗੇ ਨਹੀਂ, ਪਰ ਆਪ ਜ਼ੁਲਮ ਨਹੀਂ ਕਰਨਗੇ। ਇਹ ਭੈ ਨਹੀਂ ਮੰਨਣਗੇ ਪਰ ਭੈ ਨਹੀਂ ਦੇਣਗੇ। ਖਾਲਸੇ ਦੇ ਐਸਾ ਹੋਣ ਦੀ ਸਾਖ ਦੂਜੇ ਭਾਈ ਗੁਰਦਾਸ ਨੇ ਐਉਂ ਭਰੀ ਹੈ-

**ਜਹਿ ਉਪਜੇ 'ਸਿੰਘ' ਮਹਾਂਬਲੀ 'ਖਾਲਸ' ਨਿਰਧਾਰਾ।**
**ਗੁਰ ਸ਼ਰਨ ਸਿਮਰ ਜਗ ਚਮਕਿਓ ਮਿਟਿਓ ਅੰਧਿਆਰਾ।**
**ਤਬ ਕੁਸਲ ਖੇਮ ਆਨੰਦ ਸਿਉ ਬਸਿਓ ਸੰਸਾਰਾ।**

ਖਾਲਸੇ ਨੂੰ ਗੁਰੂ ਜੀ ਨੇ ਆਦਰਸ਼ਕ ਇਨਸਾਨ ਬਣਾਇਆ ਜੋ ਜਗਤ ਨੂੰ ਸੁਖ ਦੇਵੇ। ਉਹ ਖਾਲਸਾ ਸ਼ਾਨ, ਉਚ ਆਚਰਣੀ ਤੇ ਪਰਮਾਤਮ ਰੰਗ ਵਿਚ ਹੋਵੇ। ਜਿਸ ਵਿਚ ਨਿਜ ਦੀ ਪਕੜ ਪ੍ਰਧਾਨ ਨਾ ਹੋਵੇ ਤੇ ਪਰਉਪਕਾਰ ਪ੍ਰਧਾਨ ਹੋਵੇ। ਇਸ ਲਈ ਉਸ ਖਾਲਸੇ ਦਾ-ਸਿੰਘ ਦਾ-ਜ਼ਰੂਰੀ ਅੰਗ ਜੋ ਆਪ ਨੇ ਫੁਰਮਾਯਾ ਕਿ ਜਿਸਦੇ ਆਚਰਣ ਤੋਂ ਜਗਤ ਸੁਖੀ ਹੋ ਸਕੇ ਤੇ ਜੋ ਜ਼ੋਰ ਜ਼ੁਲਮ ਵਿਚ ਪਰਵਿਰਤ ਨਾ ਹੋਵੇ, ਇਹ ਹੈ:-

**ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥**

ਜਦੋਂ ਇਹ ਖਾਲਸਾ ਮੂਰਤੀਮਾਨ ਹੋ ਗਿਆ ਤਾਂ ਕਵੀ ਸੈਨਾਪਤ ਜੀ ਅਨੰਦਪੁਰ ਸਨ, ਆਪ ਨੇ ਖਾਲਸਾ ਦੇ ਪ੍ਰਗਟ ਹੋ ਪੈਣ ਬਾਬਤ ਅੱਖੀਂ ਦੇਖਕੇ ਇਉਂ ਲਿਖਿਆ ਹੈ:-

**ਨਿਰਮਲ ਕਰ ਸੰਸਾਰ ਜਗਤ ਮੈਂ ਇਉਂ ਬਚਨ ਸੁਨਾਏ।**
**ਕੀਓ ਖਾਲਸਾ ਪ੍ਰਗਟ ਸੁਨਤਿ ਦੁਰਜਨ ਡਰਪਾਏ।**
**ਮੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ।**
**ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ।**

ਅਜ ਖਾਲਸਾ ਦੇ ਅਰਥ ਕੇਵਲ ਇਕ ਸਿੱਖ ਜਾਂ ਸਮੂਹ ਪੰਥ ਦਾ ਲਿਆ ਜਾਂਦਾ ਦਿੱਸਦਾ ਹੈ। ਪਰ ਖਾਲਸਾ ਇਕ ਅਮੁੱਕ ਅਰਥਾਂ ਵਾਲਾ ਆਦਰਸ਼ ਹੈ ਉੱਚੇ ਸੁੱਚੇ ਗੁਰਮੁਖ ਸਿੱਖ ਦਾ, ਜੋ ਵਾਹਿਗੁਰੂ ਨਾਲ ਹਜ਼ੂਰੀ ਵਾਸ ਰਖਦਾ, ਪਵਿਤ੍ਰਤਾ, ਧਰਮ, ਨੇਕੀ, ਉਪਕਾਰ ਤੇ ਇਖ਼ਲਾਕ ਦੀ ਮੂਰਤੀ ਹੈ। ਹਰੇਕ ਅੰਮ੍ਰਿਤਧਾਰੀ ਸਿੱਖ ਜੋ ਰਹਿਤਵਾਨ ਤੇ ਭਜਨਵਾਨ ਤੇ ਇਖ਼ਲਾਕਵਾਨ ਹੈ-ਖਾਲਸਾ ਹੈ। ਪਰ ਖਾਲਸਾ ਪੰਥ ਬੀ ਹੈ। ਸਾਰੇ ਪੰਥ ਨੂੰ ਬੀ ਖਾਲਸਾ ਕਹੀਦਾ ਹੈ। ਖਾਲਸਾ ਗੁਰੂ ਹੈ, ਦੇਖੋ ਗੁਰੂ ਗੋਬਿੰਦ ਸਿੰਘ ਆਪ ਅੰਮ੍ਰਿਤ ਧਾਰਨ ਕਰਕੇ ਖਾਲਸਾ ਹੈ। 'ਗੁਰੂ ਸਿਖ' ਸਮੁਚਾ ਪੰਥ ਹੈ, ਇਹ ਸਮੁਚਾ ਖਾਲਸਾ ਹੈ। ਖਾਲਸਾ ਆਦਰਸ਼ਕ ਇਨਸਾਨ ਹੈ ਜਿਸਦਾ ਕੰਮ ਹੈ ਹਰੇਕ ਨੂੰ ਖਾਲਸਾ ਬਨਾਉਣਾ। ਖਾਲਸਾ ਇਕ ਸਫੁਰਨ-ਮੰਤ੍ਰ ਸੀ, ਇਕ ਜੀਉਂਦੀ ਸਤਜਾ ਸੀ ਜਿਸ ਵਿਚ ਆਪਾ ਵਾਰ ਕੁਰਬਾਨੀ ਦਾ ਜ੍ਵਾਲਾ ਭਰਿਆ ਪਰਬਤ ਹਰ ਵੇਲੇ ਦਮਕਦਾ ਰਹਿਣ ਲਗ ਪਿਆ। ਖਾਲਸੇ ਦੇ ਚਿੱਤ ਵਿਚ ਹਰ ਇਕ ਖਾਲਸਾ ਲਈ ਸਭ ਤੋਂ ਵਧੀਆ ਪਿਆਰ, ਕੁਰਬਾਨੀ ਦਾ ਮਾਦਾ, ਸਦਕੇ ਹੋਣ ਦਾ ਚਾਉ ਅਤੇ ਆਪਾ ਨੁਛਾਵਰ ਕਰ ਦੇਣ ਦਾ ਅਮਿਟ ਉਮਾਹ ਰਹਿੰਦਾ ਸੀ। ਖਾਲਸਾ ਕਹਿਣ ਨਾਲ ਹਰ ਖਾਲਸੇ ਵਿਚ ਝਰਨਾਟ ਛਿੜਦੀ ਸੀ ਪਿਆਰ ਦੀ ਹਰ ਦੂਜੇ ਲਈ ਜੋ ਅਖਵਾਉਂਦੀ ਸੀ ਖਾਲਸਾ। ਜਦੋਂ ਵੰਗਾਰ ਪੈਂਦੀ ਸੀ ਖਾਲਸਾ ਲਈ ਆਹ ਕੁਛ ਕਰਨਾ ਹੈ, ਤਦ ਭੀੜ ਪੈਂਦੀ ਸੀ ਪਰਵਾਨਿਆਂ (ਭੰਬਰਾਂ) ਦੀ ਜੋਤਿ ਉੱਤੇ ਤੇ ਜੋਤਿ ਨੂੰ ਮੁਸ਼ਕਲ ਹੋ ਜਾਂਦੀ ਸੀ ਐਨੀਆਂ ਸ਼ਹਾਦਤਾਂ ਨੂੰ ਇੰਨੀ ਛੇਤੀ ਕਬੂਲ ਕਰਦਿਆਂ। ਸਮੇਂ ਯਾ ਦੇਸ਼ਾਂ ਦੀ ਵਿੱਥ ਖਾਲਸੇ ਵਿਚ ਕੋਈ ਵਿੱਥ ਨਹੀਂ ਸੀ। ਜਿੰਨਾ ਕੁਛ ਖਾਲਸੇ ਦੇ ਅਰਥ ਵਿਚ ਕਿਹਾ ਜਾਵੇ ਉਹ ਕੁਛ ਨਹੀਂ ਦੱਸ ਸਕਦਾ ਜੋ ਕੁਛ ਕਿ ਅਮਲ ਵਿਚ, ਕਰਨੀ ਵਿਚ, ਰਹਿਣੀ ਵਿਚ, ਪ੍ਰਤੱਖ ਨਮੂਨੇ ਵਿਚ ਖਾਲਸਾ ਹੋ ਚੁਕਾ ਹੈ ਤੇ ਅਜੇ ਵੀ ਦਮਕ ਮਾਰਨੋਂ ਨਹੀਂ ਟਲਦਾ। 'ਵਾਹਿਗੁਰੂ ਪ੍ਰੇਮ' ਅਰਥਾਤ ਨਾਮ ਵਿਚ ਲਿਵ, ਹਿਰਦੇ ਦੀ ਪਵਿੱਤਰਤਾ, ਉੱਚ ਆਚਰਣ, ਨਿਰਭੈਤਾ, ਚੜ੍ਹਦੀਆਂ ਕਲਾ, ਕੌਮੀ ਭਰਾਵਾਂ ਲਈ ਪਜਾਰ, ਕੁਰਬਾਨੀ, ਸਦਕੇ ਹੋਣ ਦਾ ਮਲ੍ਹਾਰ ਤੇ ਚਾਉ, ਸੁਖ ਦੇਣ ਦੀ ਖੁਸ਼ੀ, ਫੇਰ ਸੇਵਾ ਕਰਕੇ ਸਫਲ ਹੋ ਗਿਆਂ ਦਾ ਭਾਵ ਇਹ ਸਾਰਾ ਅਰਥ ਤ੍ਰੈ ਅਖਰੇ 'ਖਾਲਸਾ' ਪਦ ਵਿਚ ਸ਼ਾਮਲ, ਅਮਲ ਵਿਚ ਤੇ ਵਰਤੋਂ ਵਿਚ ਸੀ। ਜਿਥੇ ਖਾਲਸਾ ਹੈ ਇੰਨਾ ਕੁਛ ਕਹਿਕੇ ਖਾਲਸਾ ਦਾ ਅਰਥ ਫੇਰ ਬਾਕੀ ਹੈ। ਇਹ ਇਕ ਫ਼ਕੀਰੀ ਰਮਜ਼ ਸੀ ਜੋ- ਗ਼੍ਰੀਬੀ ਵਿਚ, ਸ਼ਖਸੀ ਤੇ ਕੌਮੀ ਹਾਲਤ ਵਿਚ, ਅਪਣੇ ਆਪ ਨੂੰ ਪਵਿੱਤ੍ਰਤਾ, ਕੁਰਬਾਨੀ, ਪਿਆਰ ਵਿਚ ਪ੍ਰਕਾਸ਼ਦੀ ਹੋਈ, ਅਜ 'ਹੋ ਰਹੇ' ਤੇ 'ਹੋਸੀ' ਦੀ- ਅਣਡਿੱਠੇ ਜਗਤ ਵਿਚ ਲਿਵ ਦੀ ਤਾਰ ਲਵਾਈ ਰੱਖਦੀ ਸੀ। ਇਕ ਖਾਲਸੇ ਨੂੰ ਪ੍ਰਸ਼ਾਦ ਛਕਾਕੇ ਭਾਵ ਐਉਂ ਉਛਲਦਾ ਸੀ ਕਿ ਕਲਗੀਆਂ ਵਾਲੇ ਤੇ ਅਕਾਲ ਪੁਰਖ ਨੇ ਪ੍ਰਸ਼ਾਦ ਪਾਇਆ ਹੈ ਤੇ ਛਕਾਉਣ ਹਾਰ ਕ੍ਰਿਤ ਕ੍ਰਿਤ ਹੋਇਆ ਹੈ। ਧਨ, ਧਾਮ, ਪੁੱਤ੍ਰ, ਸਰਬੰਸ ਹਰ ਵੇਲੇ ਖਾਲਸੇ ਦਾ ਸਮਝਿਆ ਜਾਂਦਾ ਸੀ। ਅੰਦਰ ਨਾਮ ਦਾ ਨਿਵਾਸ ਤੇ ਉਸ ਆਸਰੇ ਚੜ੍ਹਦੀਆਂ ਕਲਾਂ ਦਾ ਪ੍ਰਭਾਵ, ਪਾਪ ਤੇ ਬਦੀ ਅਗੇ ਅਝੁਕਤਾ, ਫ਼ਤਹ ਦਾ ਨਿਸ਼ਚਾ, ਆਪਣੇ ਆਪ ਤੇ ਭਰੋਸਾ, ਹਰ ਸ਼ੈ ਤੇ ਹਰ ਵਜੂਦ ਤੇ ਹਾਵੀ ਹੋਣਾ, ਇਹ ਖਾਲਸਾ ਹੋਣ ਦੇ ਸੁਤੇ ਭਾਵ ਸਨ ਤੇ ਹਨ।

ਖਾਲਸਾ ਕਹਿੰਦਿਆਂ ਸਾਰੇ ਹੋ ਚੁਕੇ ਇਤਿਹਾਸ ਹਠਾਂ, ਤਪਾਂ, ਜਪਾਂ, ਕਰਨੀਆਂ, ਸ਼ਹੀਦੀਆਂ, ਕੁਰਬਾਨੀਆਂ, ਫਤਹਯਾਬੀਆਂ ਦੇ ਸਾਕੇ ਅੱਖਾਂ ਅਗੇ ਫਿਰ ਜਾਂਦੇ ਹਨ ਤੇ ਰੂਹ ਫੂਕ ਕੇ ਜੀਉਂਦਾ ਕਰ ਜਾਂਦੇ ਹਨ। ਖਾਲਸਾ ਵਾਹਿਗੁਰੂ ਦਾ ਹੈ ਤੇ ਫਤਹ ਵਾਹਿਗੁਰੂ ਦੀ ਹੈ, ਸੋ ਫਤਹ ਖਾਲਸੇ ਦੀ ਹੈ।

**- ਕਲਗੀਆਂ ਵਾਲੇ ਦਾ ਪਰਿਵਾਰ-ਖਾਲਸਾ**

# ਵਿਸਾਖੀ ਦਾ ਮੇਲਾ

❖ ਸ਼ੇਰ ਸਿੰਘ ਕੰਵਲ

ਵਿਸਾਖੀ ਦਾ ਮੇਲਾ ਅੱਜ ਪੰਜਾਬ ਤੇ ਦੁਨੀਆਂ ਵਿਚ ਜਿੱਥੇ ਕਿਤੇ ਵੀ ਪੰਜਾਬੀ ਅਥਵਾ ਸਿੱਖ ਵਸਦੇ ਹਨ ਸ਼ਾਇਦ ਹੋਰਨਾਂ ਸਭ ਮੇਲਿਆਂ ਨਾਲੋਂ ਵੱਧ ਥਾਵਾਂ ਉੱਤੇ ਅਤੇ ਵਧੇਰੇ ਉਤਸ਼ਾਹ ਅਤੇ ਉਮਾਹ ਨਾਲ ਮਨਾਇਆ ਜਾਂਦਾ ਹੈ। ਮੁਢੋਂ ਨਿਰਸੰਦੇਹ ਵਿਸਾਖੀ ਇਕ ਮੌਸਮੀ ਤਿਓਹਾਰ ਹੈ। ਪੁਰਾਤਨ ਸਮੇਂ ਤੋਂ ਜਦੋਂ ਕਣਕ ਦੀ ਫ਼ਸਲ ਪੱਕਦੀ ਅਤੇ ਇਸਨੂੰ ਦਾਤੀ ਪੈਣ ਦਾ ਭਾਵ ਇਹ ਦਿਨ ਆਉਂਦਾ ਤਾਂ ਇਸ ਤਿਓਹਾਰ ਨੂੰ ਪਿੰਡੀ-ਗਰਾਂਈਂ ਮੇਲਿਆਂ ਦੇ ਰੂਪ ਵਿਚ ਮਨਾਇਆ ਜਾਂਦਾ ਸੀ। ਓਦੋਂ ਇਹਨਾਂ ਮੇਲਿਆਂ ਉੱਤੇ ਨਿਰਸੰਦੇਹ ਸਭਿਆਚਾਰਕ ਪ੍ਰਭਾਵ ਹੀ ਹਾਵੀ ਹੁੰਦਾ ਸੀ ਅਤੇ ਮੇਲਾ ਆਉਂਦੇ ਹੀ ਹਰ ਕੋਈ ਮੇਲੇ ਤੇ ਜਾਣਾ ਚਾਹੁੰਦਾ ਸੀ। ਕੋਈ ਵੀ ਕਿਸੇ ਤੋਂ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ :-


ਆਪ ਗਏ ਵਿਸਾਖੀ ! ਮੈ ਬੂਵਾਂ ਜਵਾਂ ਦੀ ਰਾਖੀ?

ਤੇ ਜਦ ਗੁਰੂ ਕਾਲ ਵਿਚ ਥਾਂ-ਥਾਂ ਵਿਸਾਖੀ ਦੇ ਮੇਲੇ ਲੱਗਣ ਲੱਗ ਪਏ ਤਾਂ ਸਿੱਖਾਂ ਕਹਾਣ ਘੜ ਲਿਆ:-

ਵਿਸਾਖੀ ਘਰ ਘਰ! ਦੀਵਾਲੀ ਅੰਮ੍ਰਿਤਸਰ!!

ਪੰਜਾਬੀਆਂ ਲਈ ਵਿਸਾਖੀ ਕਣਕ ਦੀ ਵਾਢੀ ਦਾ ਤਿਉਹਾਰ ਤਾਂ ਹੈ ਹੀ ਪਰ ਸੰਨ 1699 ਦੀ ਵਿਸਾਖੀ ਦਾ ਦਿਨ ਸਿੱਖਾਂ ਲਈ ਸਿਰਾਂ ਦੀ ਵਾਢੀ ਦਾ ਦਿਨ ਹੋ ਨਿੱਬੜਿਆ ਜਦ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਦੇ ਸਥਾਨ ਤੇ ਕਲਗੀਧਰ ਪਿਤਾ ਨੇ ਆਪਣੀ ਕਿਰਪਾਨ ਵਿਚੋਂ ਖਾਲਸੇ ਨੂੰ ਪ੍ਰਗਟ ਕੀਤਾ ਸੀ। ਪੰਜਾਬ ਅਤੇ ਵਿਸ਼ਵ ਵਿਚ ਵੱਸਦੇ ਪੰਜਾਬੀਆਂ ਅਥਵਾ ਸਿੱਖਾਂ ਦੇ ਇਸ ਸੰਬੰਧ ਵਿਚ ਥਾਂ ਥਾਂ ਮੇਲਿਆਂ ਨੂੰ ਲਗਾਣ ਤੇ ਇਸ ਤਿਉਹਾਰ ਨੂੰ ਮਨਾਣ ਦਾ ਮੂਲ ਕਾਰਨ ਅੱਜ ਏਹੀ ਹੈ।

ਉਂਵ ਸਿੱਖ-ਧਰਮ ਨਾਲ ਵਿਸਾਖੀ ਦਾ ਚਿਰੋਕਣੇ ਸਮੇਂ ਤੋਂ ਹੀ ਘਣਾ-ਘਨਿਸ਼ਟ ਸੰਬੰਧ ਹੈ। ਭਾਵੇਂ ਵਿਸਾਖੀ ਦਾ ਪਹਿਲਾ ਤਿਉਹਾਰ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਕਹਿਣ ਤੇ ਡੱਲਾ ਨਿਵਾਸੀ ਭਾਈ ਪਾਰੋ ਨੇ ਗੋਇੰਦਵਾਲ ਸਾਹਿਬ ਵਿਖੇ ਮਨਾਉਣਾ ਸ਼ੁਰੂ ਕੀਤਾ ਪਰ ਇਤਿਹਾਸ ਦਸਦਾ ਹੈ ਕਿ ਇਸ ਤੋਂ ਪਹਿਲੋਂ ਪਹਿਲੇ ਪਾਤਸ਼ਾਹ ਬਾਬਾ ਨਾਨਕ ਜੀ ਨੇ ਵਿਸਾਖੀ ਦੇ ਮੇਲੇ ਉੱਤੇ ਹੀ ਹਰਿਦੁਆਰ ਵਿਖੇ ਕਰਤਾਰਪੁਰ ਵੱਲ ਪਾਣੀ ਸੁੱਟਕੇ ਪੰਡਤਾਂ ਦਾ ਭਰਮ ਜਾਲ ਤੋੜਿਆ ਸੀ, ਤੇ ਇਸੇ ਦਿਨ ਹੀ ਆਪ ਜੀ ਨੇ ਧਰਤ ਲੋਕਾਈ ਨੂੰ ਸੋਧਣ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ ਸੀ। ਸੰਨ 1665 'ਚ ਮੱਖਣ ਸ਼ਾਹ ਲੁਬਾਣਾ ਜੀ ਨੇ ਬਾਬਾ ਬਕਾਲੇ ਸ੍ਰੀ ਗੁਰੂ ਤੇਗ਼ ਬਹਾਦਰ ਸੰਬੰਧੀ 'ਗੁਰੂ ਲਾਧੋ ਰੇ' ਦਾ ਪੱਲਾ ਇਸੇ ਦਿਨ ਫੇਰਿਆ ਸੀ। ਵਿਸਾਖੀ ਦੇ ਦਿਨ ਹੀ (ਸੰਨ 1675) ਦਸਮ ਪਿਤਾ ਜੀ ਗੁਰ-ਗੱਦੀ ਸੰਭਾਲਦੇ ਹਨ



**ਗੁਰਦੁਆਰਾ ਦਮਦਮਾ ਸਾਹਿਬ ਵਿਖੇ ਵਿਸਾਖੀ ਜੋੜ-ਮੇਲਾ**

ਤੇ ਵਿਸਾਖੀ ਦੇ ਇਸੇ ਦਿਨ ਹੀ ਆਪ ਜੀ ਦਾ ਆਨੰਦ ਕਾਰਜ ਮਾਤਾ ਸੁੰਦਰੀ ਜੀ ਨਾਲ ਹੋਇਆ। ਇਸੇ ਦਿਨ ਹੀ ਸੰਨ 1714 ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ-ਸਢੌਰਾ ਜਿੱਤਕੇ ਅੰਮ੍ਰਿਤਸਰ ਸਾਹਿਬ ਵਿਖੇ ਸ਼ਾਹੀ ਦਰਬਾਰ ਸਜਾਇਆ ਸੀ। ਸੰਨ 1721 ਨੂੰ ਤੱਤ ਖਾਲਸੇ ਤੇ ਬੰਦਈ-ਖਾਲਸੇ ਦਾ ਝਗੜਾ ਵੀ ਵਿਸਾਖੀ ਨੂੰ ਹੀ ਖ਼ਤਮ ਹੋਇਆ ਸੀ। ਸੰਨ 1733 ਵਿਚ ਸ. ਕਪੂਰ ਸਿੰਘ ਫ਼ੈਜ਼ਲਪੁਰੀਏ ਨੂੰ ਨਵਾਬੀ ਵੀ ਇਸੇ ਦਿਨ ਮਿਲੀ ਸੀ। ਸੰਨ 1743 ਵਿਚ ਦੀਵਾਨ ਜਸਪਤ ਰਾਇ ਦਾ ਕਤਲ ਤੇ ਕਾਹਨੂੰਵਾਣੇ ਛੰਭ ਦਾ ਘੱਲੂਘਾਰਾ ਵਿਸਾਖੀ ਦੇ ਦਿਨ ਹੀ ਹੋਇਆ ਸੀ। ਸੰਨ 1800 ਦੀ ਵਿਸਾਖੀ ਦੇ ਦਿਨ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਮਹਾਰਾਜਗੀ ਦਾ ਪਦ ਐਲਾਨ ਹੋਇਆ ਸੀ। ਸੰਨ 1869 ਵਿਚ ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਖਿਲਾਫ਼ ਨਾ-ਮਿਲਣਵਰਤਣ ਲਹਿਰ ਵਿਸਾਖੀ ਦੇ ਦਿਨ ਹੀ ਸ਼ੁਰੂ ਕੀਤੀ ਸੀ। ਸੰਨ 1919 ਵਿਚ ਜਨਰਲ ਡਾਇਰ ਨੇ ਜਲਿਆਂਵਾਲੇ ਬਾਗ਼ ਵਿਚ ਨਿਹੱਥੇ ਪੰਜਾਬੀਆਂ ਦੇ ਜਲਸੇ ਉੱਤੇ ਗੋਲੀਆਂ ਅੰਨੇਵਾਹ ਇਸੇ ਦਿਨ ਵਰ੍ਹਾਈਆਂ ਸਨ ਤੇ ਸੰਨ 1978 ਦੀ ਵਿਸਾਖੀ ਦੇ ਦਿਨ ਹੀ ਅੰਮ੍ਰਿਤਸਰ ਵਿਖੇ ਨਿਰੰਕਾਰੀ ਸਾਕੇ ਵਿਚ ਸ. ਫੌਜਾ ਸਿੰਘ 'ਤੇ ਉਹਨਾਂ ਸਾਥੀ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਇਸ ਤਰ੍ਹਾਂ ਹੋਰ ਵੀ ਅਨੇਕ ਸਿੱਖ-ਇਤਿਹਾਸ ਨਾਲ ਸੰਬੰਧਤ ਘਟਨਾਵਾਂ ਹਨ ਜੋ ਵਿਸਾਖੀ ਦੇ ਦਿਨ ਵਾਪਰੀਆਂ।

ਪਰ ਇਕ ਗੱਲ ਪ੍ਰਤੱਖ ਹੈ ਕਿ ਪੰਥ ਅਤੇ ਪੰਜਾਬ ਦੇ ਪ੍ਰਸੰਗ ਵਿਚ ਵਿਸਾਖੀ ਦੇ ਦਿਨ ਉੱਤੇ ਘਟੀਆਂ ਘਟਨਾਵਾਂ ਦੀ ਲੜੀ ਵਿਚ 'ਮੇਰੁ' ਅਥਵਾ ਮਾਲਾ ਦਾ ਸ਼ਿਰੋਮਣੀ ਮਣਕਾ ਸੰਨ 1699 ਦੀ ਵਿਸਾਖੀ ਹੀ ਹੈ ਜਿਸ ਦਿਨ ਕੇਸਗੜ੍ਹ ਦੇ ਸਥਾਨ 'ਤੇ ਦਰਵੇਸ਼ ਪਾਤਸ਼ਾਹ ਦਸਮ ਪਿਤਾ ਨੇ ਸਭ ਜਾਤਾਂ-ਵਰਣਾਂ ਦੀਆਂ ਦੀਵਾਰਾਂ ਨੂੰ ਤੋੜਕੇ ਪੰਚ-ਪ੍ਰਣਾਲੀ ਅਤੇ ਪੰਚ-ਪ੍ਰਧਾਨੀ ਖਾਲਸੇ

ਦੀ ਸਿਰਜਣਾ ਕੀਤੀ ਸੀ। ਯਾਦ ਰਹੇ ਕਿ ਇਸ ਵਿਸਾਖੀ ਦੇ ਦੀਵਾਨ ਵਿਚ ਜਦ ਗੁਰਾਂ ਨੇ ਸੀਸ ਮੰਗੇ ਤਾਂ ਉਹਨਾਂ ਸਾਹਮਣੇ ਭਾਵੇਂ ਲਾਹੌਰ ਦਾ ਦਇਆ ਰਾਮ ਖੱਤਰੀ ਆਇਆ, ਭਾਵੇਂ ਧਰਮ ਦਾਸ ਦਿੱਲੀ ਦਾ ਜੱਟ। ਭਾਵੇਂ ਸਾਹਿਬ ਚੰਦ ਬਿਦਰ ਦਾ ਨਾਈ ਤੇ ਭਾਵੇਂ ਮੁਹਕਮ ਚੰਦ ਦੁਆਰਕਾ ਦਾ ਛੀਂਬਾ ਜਾਂ ਹਿੰਮਤ ਰਾਇ ਜਗਨਨਾਥ ਪੁਰੀ ਦਾ ਝੀਵਰ, ਸਤਿਗੁਰਾਂ ਨੇ ਬਿਨਾਂ ਉਹਨਾਂ ਦਾ ਜਾਤ-ਗੋਤ ਤੇ ਖਿੱਤਾ-ਕਿੱਤਾ ਵੇਖੇ ਉਹਨਾਂ ਨੂੰ ਇੱਕੋ ਬਾਟੇ 'ਚੋਂ ਅੰਮ੍ਰਿਤ ਛਕਾਇਆ ਤੇ ਫਿਰ ਬੇਨਤੀ ਕਰਕੇ ਆਪ ਉਹਨਾਂ ਤੋਂ ਅੰਮ੍ਰਿਤ ਛਕਿਆ। ਯਾਦ ਰਹੇ ਕਿ ਸੰਸਾਰ ਉੱਤੇ ਸਿੱਖ ਕੌਮ ਹੀ ਇੱਕੋ ਕੌਮ ਹੈ ਜਿਸਨੂੰ ਆਪਣੇ ਜਨਮ ਦੀ ਸਹੀ ਮਿਤੀ ਦਾ ਪਤਾ ਹੈ ਤੇ ਜਿਸਦੇ ਰਹਿਬਰ ਅਥਵਾ ਗੁਰੂ ਨੇ ਆਪਣੇ ਆਪ ਨੂੰ ਉਸਦਾ ਚੇਲਾ ਅਥਵਾ ਚੇਰਾ ਕਿਹਾ ਹੈ।

ਨਿਰਸੰਦੇਹ ਵਿਸਾਖੀ ਦਾ ਮੂਲ-ਸਥਾਨ ਸ੍ਰੀ ਆਨੰਦਪੁਰ ਸਾਹਿਬ ਹੀ ਹੈ ਕਿਉਂਕਿ ਇਹ ਖਾਲਸੇ ਦਾ ਜਨਮ-ਅਸਥਾਨ ਹੈ ਪਰ ਆਪਣੀ ਥੋੜ੍ਹੀ ਆਰਜਾ ਵਿਚ ਮਹਾਨ ਕਾਰਜਾਂ ਨੂੰ ਨੇਪਰੇ ਚਾੜ੍ਹਦੇ ਸਤਿਗੁਰਾਂ ਨੇ ਜ਼ਿੰਦਗੀ ਦੇ ਮਘਦੇ ਸੰਘਰਸ਼ ਵਿਚ ਆਪਣਾ ਕਮਰ-ਕੱਸਾ ਖੋਹਲ ਜਿਥੇ ਕੁਝ ਦਮ ਮਾਰਿਆ ਅਥਵਾ ਆਰਾਮ-ਵਿਸ਼ਰਾਮ ਕੀਤਾ। ਇਹ ਅਸਥਾਨ ਅੱਜ ਪੰਜਾਬ ਅਤੇ ਸਿੱਖ-ਇਤਿਹਾਸ ਵਿਚ ਸ੍ਰੀ ਦਮਦਮਾ ਸਾਹਿਬ ਕਰਕੇ ਪ੍ਰਸਿੱਧ ਹੈ। ਇਹ ਇਲਾਕਾ ਸ਼ਮਸਦੀਨ ਅਲਤਮਸ਼ ਦੇ ਜ਼ਮਾਨੇ ਗੁੱਜਰਾਂ ਦਾ ਹੁੰਦਾ ਸੀ। ਇਹਨਾਂ ਦੇ ਮੁਖੀਏ ਨੇ ਮੁਸਲਮਾਨ ਹੋ ਕੇ ਇਸ ਇਲਾਕੇ ਦੀ ਚੌਧਰ ਹਾਸਲ ਕੀਤੀ ਸੀ ਪਰ ਉਸਦੇ ਔਤ ਹੋਣ ਕਾਰਨ ਇਹ ਇਲਾਕਾ ਉਸਦੀ ਲੜਕੀ 'ਸ਼ਹਾਬੋ' ਦੇ ਹਿੱਸੇ ਆਇਆ ਤੇ ਮਗਰੋਂ ਸ਼ਹਾਬੋ ਜਾਂ 'ਸਾਬੋ ਕੀ ਤਲਵੰਡੀ' ਕਹਿਆ ਜਾਣ ਲੱਗਾ। ਦਸਮ ਪਾਤਸ਼ਾਹ ਦੇ ਸਮੇਂ ਇਸ ਤਲਵੰਡੀ ਨੇੜਲੇ ਅੜਤਾਲੀ ਪਿੰਡਾਂ ਦੇ ਮਾਲਕ ਚੌਧਰੀ ਸਲੇਮ ਦਾ ਪੁੱਤਰ ਡੱਲਾ ਇਸ ਇਲਾਕੇ ਦਾ ਮਾਲਕ ਸੀ। ਜਦ ਦਸਮ ਪਾਤਸ਼ਾਹ ਔਕੜਾਂ ਝਾਗਦੇ ਹੋਏ ਇਸ ਇਲਾਕੇ ਵਿਚ ਆਏ ਤਾਂ ਇਸਨੇ ਬੜੀ ਸ਼ਰਧਾ ਤੇ ਪ੍ਰੇਮ-ਸਹਿਤ ਸਤਿਗੁਰਾਂ ਨੂੰ ਆਪਣੇ ਪਿੰਡ ਠਹਿਰਾਇਆ। ਮਗਰੋਂ ਇਹੀ ਡੱਲਾ ਦਸਮ ਪਿਤਾ ਤੋਂ ਅੰਮ੍ਰਿਤ ਛਕਕੇ ਭਾਈ ਡੱਲਾ ਸਿੰਘ ਬਣਕੇ ਸਿੱਖ ਜਗਤ ਵਿਚ ਪ੍ਰਸਿੱਧ ਹੋਇਆ। ਇਸ ਅਸਥਾਨ ਤੇ ਨਿਵਾਸ ਰੱਖਦਿਆਂ ਸਤਿਗੁਰਾਂ ਨੇ ਆਪਣੇ ਕਲਪੇ ਕਈ ਮਹਾਂ ਕਰਤਵਾਂ ਦੀ ਪੂਰਤੀ ਕੀਤੀ। ਇਥੋਂ ਹੀ ਆਪ ਜੀ ਨੇ ਸਿੱਖ-ਸੰਗਤਾਂ ਦੇ ਨਾਉਂ ਹੁਕਮਨਾਮੇ ਜਾਰੀ ਕੀਤੇ ਜਿਸ ਕਰਕੇ ਇਸ ਜਗਾਹ ਦਾ ਨਾਮ 'ਤਖਤ ਸ੍ਰੀ ਦਮਦਮਾ ਸਾਹਿਬ' ਪਿਆ। ਇੱਥੇ ਗੁਰੂ ਸਾਹਿਬ ਨੌ ਮਹੀਨੇ ਨੌ ਦਿਨ ਠਹਿਰੇ ਸਨ। ਇਹ ਨਗਰ ਬਠਿੰਡਾ-ਰਾਮਾ ਸੜਕ ਉੱਤੇ ਬਠਿੰਡੇ ਤੋਂ ਤੀਹ ਕੁ ਕਿਲੋਮੀਟਰ ਤੇ ਸਥਿਤ ਹੈ। ਇੱਥੇ ਹੀ ਦਸਮ ਪਾਤਸ਼ਾਹ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸੰਮਿਲਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਕੀਤੀ ਸੀ ਅਤੇ ਇਸ ਕਾਰਜ ਉਪਰੰਤ ਬਚਦੀਆਂ ਕਲਮਾਂ ਤੇ ਸਿਆਹੀ ਸਰੋਵਰ-ਪ੍ਰਵਾਹ ਕਰਕੇ ਇਸਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰ ਦਿੱਤਾ ਸੀ। ਇੱਥੇ ਹੀ ਦਸਮ ਪਿਤਾ ਨੇ ਚੌਧਰੀ ਡੱਲੇ ਦੇ ਸੂਰਮਿਆਂ ਦੀ ਬੰਦੂਕ ਨਾਲ ਪਰਖ ਕੀਤੀ ਸੀ। ਇੱਥੇ ਗੁਰੂ ਸਾਹਿਬ ਦੀਆਂ ਕਈ ਨਿਸ਼ਾਨੀਆਂ ਸਾਂਭੀਆਂ ਪਈਆਂ ਹਨ ਜਿਹਨਾਂ ਵਿਚ ਇਕ ਛੋਟੇ ਆਕਾਰ ਦੀ ਬੀੜ, ਸਤਿਗੁਰਾਂ ਦੀ ਇਕ ਵੱਡੀ ਤੇ ਛੋਟੀ ਦਸਤਾਰ, ਵੱਡਾ ਤੇ ਛੋਟਾ ਚੋਲਾ, ਇਕ ਤੇਗ਼ਾ ਤੇ ਸ੍ਰੀ ਸਾਹਿਬ, ਸਤਿਗੁਰ ਦੇ ਬਾਜ਼ ਦੀ ਡੋਰ ਤੇ ਆਪ ਜੀ ਦਾ ਰੇਬ ਪਜਾਮਾ ਤੇ ਇਕ ਰੇਬ ਪਜਾਮਾ ਮਾਤਾ ਸਾਹਿਬ ਕੌਰ ਜੀ ਦਾ। ਇੱਥੇ ਗੁਰੂ ਸਾਹਿਬ ਜੀ ਨੇ ਸਵਾ ਲੱਖ ਦੇ ਕਰੀਬ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਸੀ। ਉਪਰੋਕਤ ਕਾਰਨਾਂ ਅਤੇ ਇਸ ਅਸਥਾਨ ਦੀ ਭੂਗੋਲਿਕ ਸਥਿਤੀ ਕਾਰਨ ਪੰਜਾਬ ਵਿਚ ਵਿਸਾਖੀ ਦਾ ਪ੍ਰਮੁੱਖ-ਸਥਾਨ ਸ੍ਰੀ ਦਮਦਮਾ ਸਾਹਿਬ ਹੀ ਹੈ। ਉਂਵ ਭਾਵੇਂ ਸ੍ਰੀ ਆਨੰਦਪੁਰ, ਤਖਤੂਪੁਰਾ ਅਤੇ ਹੋਰ ਅਨੇਕ ਹੀ ਸਥਾਨਾਂ ਉੱਤੇ ਪੰਜਾਬ ਵਿਚ ਵਿਸਾਖੀ ਦੇ ਮੇਲੇ ਲਗਦੇ ਤੇ ਭਰਦੇ ਹਨ। ਪਾਕਿਸਤਾਨ ਵਿਚ ਪੰਜਾ ਸਾਹਿਬ ਵਿਖੇ ਵੀ ਇਹ ਪੁਰਬ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂ ਸਿੱਖਾਂ ਦਾ ਜਥਾ ਇਸ ਵਿਚ ਸ਼ਾਮਲ ਹੋਣ ਲਈ ਸੁਖਾਵੇਂ ਹਾਲਾਤਾਂ ਵਿਚ ਹਰ ਸਾਲ ਪਹੁੰਚਦਾ ਹੈ।

ਦਸਮ ਪਿਤਾ ਜੀ ਦੇ ਦਮਦਮਾ ਸਾਹਿਬ ਦੀ ਵਿਸਾਖੀ ਪੰਜਾਬ ਦਾ ਇਕ ਪ੍ਰਮੁੱਖ ਮੇਲਾ ਹੈ ਜਿਥੇ ਦੇਸ਼-ਵਿਦੇਸ਼ਨ 'ਚੋਂ ਸਿੱਖ-ਸ਼ਰਧਾਲੂ ਬੜੇ ਚਾਅ-ਉਮਾਹ ਨਾਲ ਪਹੁੰਚਦੇ ਹਨ। ਇੱਥੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਤੋਂ ਬਿਨਾਂ ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਮਾਤਾ ਸਾਹਿਬ ਕੌਰ, ਗੁਰਦੁਆਰਾ ਜੰਡਸਰ ਤੇ ਗੁਰਦੁਆਰਾ ਮਹੱਲਸਰ ਆਦਿਕ ਇਤਿਹਾਸਕ-ਸਥਾਨ ਹਨ। ਸਾਹਿਬਾਨ ਨੇ ਇਸ ਅਸਥਾਨ ਦੀ ਸੇਵਾ ਬਾਬਾ ਦੀਪ ਸਿੰਘ ਜੀ ਨੂੰ ਸੌਂਪੀ ਸੀ, ਜੋ ਇਸ ਤਖ਼ਤ ਦੇ ਪਹਿਲੇ ਜੱਥੇਦਾਰ ਬਣੇ।

ਸਤਿਗੁਰਾਂ ਵਰੋਸਾਏ ਇਸ ਪਵਿੱਤਰ ਅਸਥਾਨ ਉੱਤੇ ਲੱਗਦਾ ਪੰਜਾਬ ਦਾ ਇਹ ਮੇਲਾ ਵੀ ਇਕ ਦਰਸ਼ਨੀ-ਮੇਲਾ ਹੈ, ਜੋ ਵੇਖਿਆਂ ਹੀ ਬਣਦਾ ਹੈ। ਸਿੱਖ ਸੰਗਤਾਂ ਪੈਦਲ ਤੇ ਵੱਖ-ਵੱਖ ਕਿਸਮ ਦੇ ਵਾਹਨਾਂ ਤੇ ਸਵਾਰ ਹੋ ਪਹੁੰਚ ਮੇਲੇ ਵਿਚ ਅਕਹਿ-ਅਲੌਕਿਕ ਰੌਣਕਾਂ ਲਾ ਦਿੰਦੀਆਂ ਹਨ। ਸ਼ਰਧਾ-ਵਿਭੋਰ ਸਿੱਖ ਗੁਰੂ-ਮਹਿਮਾ ਵਿਚ ਮਗਨ ਹੋਏ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਤੇ ਬਾਹਰ ਮੇਲੇ ਵਿਚ ਮਸਤ ਮੇਲੀ ਵੀ! ਜਿਵੇਂ ਇਹ ਮੇਲਾ ਧਰਮ ਅਤੇ ਸਭਿਆਚਾਰ ਦਾ ਕੋਈ ਸੁੰਦਰ ਸੰਗਮ ਹੋਵੇ ਪਰ ਇਹ ਸੰਗਮ ਆਮ ਕਰਕੇ ਮਗਰੋਂ ਇਕ ਤ੍ਰਿਵੇਣੀ ਦਾ ਰੂਪ ਧਾਰਨ ਕਰ ਜਾਂਦਾ ਹੈ ਜਦੋਂ ਕਈ ਸਿਆਸੀ-ਪਾਰਟੀਆਂ ਇਸ ਤੇ ਸਿਆਸਤ ਦੇ ਤੰਬੂ-ਸ਼ਾਮਿਆਨੇ ਆਣ ਤਾਣਦੀਆਂ ਹਨ। ਉਂਵ ਇਸ ਪਵਿੱਤਰ ਅਸਥਾਨ ਉੱਤੇ ਵਿਸਾਖੀ ਦੇ ਇਸ ਸ਼ੁਭ ਅਵਸਰ ਤੇ ਇਥੇ ਸ੍ਰੀ ਅਖੰਡ ਪਾਠ ਹੋਣ ਉਪਰੰਤ ਧਾਰਮਿਕ ਦੀਵਾਨ ਸਜਦੇ ਹਨ। ਅੰਮ੍ਰਿਤ-ਸੰਚਾਰ ਹੁੰਦੇ ਹਨ। ਉੱਘੇ ਰਾਗੀ-ਢਾਡੀ ਗੁਰੂ-ਜਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸ਼ਾਨਦਾਰ ਨਗਰ-ਕੀਰਤਨ ਵਿਚ ਸ਼ਬਦੀ-ਜਥੇ ਸ਼ਬਦ ਪੜ੍ਹਦੇ ਅਤੇ ਸਿੰਘ ਖਾਲਸਈ-ਖੇਡਾਂ ਦੇ ਕਰਤਬ ਦਿਖਾਉਂਦੇ ਹਨ। ਵਿਸਾਖੀ ਦੇ ਇਸ ਦਿਨ-ਦਿਹਾਰ ਨੂੰ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਿੱਖ ਅਥਵਾ ਪੰਜਾਬੀ ਧਾਰਮਿਕ ਅਤੇ ਸਭਿਆਚਾਰਕ ਪੱਖੋਂ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ।


**- ਪੰਜਾਬ ਦੇ ਮੇਲੇ**

(ਸੰਤ ਬਿਮਲਾ ਸਿੰਘ, ਭਾਗ 2 ਆਰੰਭ)

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...**

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)




ਗੁਲਾਬੀ ਰੁੱਤ ਲੰਘ ਗਈ ਹੈ, ਠੰਢ ਵਧ ਰਹੀ ਹੈ, ਪਰ ਅਜੇ ਸੁਖਾਵੀਂ ਹੈ। ਬੱਦਲ ਝੁਕ ਆਏ, ਇਕ ਛਾਣਾਂ ਗੜਿਆਂ ਦਾ ਤੇ ਨਿੱਕਾ ਨਿੱਕਾ ਮੀਂਹ ਵੱਸ ਪਿਆ, ਰਾਤ ਸਾਰੀ ਕਿਣਮਿਣ ਰਹੀ, ਅੰਮ੍ਰਿਤ ਵੇਲੇ ਬੱਦਲ 'ਨਾਮੀ ਪੁਰਖ' ਦੀਆਂ ਵਾਸ਼ਨਾਂ ਵਾਂਙੂ ਉੱਡ ਗਏ। ਦਿਨ ਚੜ੍ਹਿਆ, ਸੂਰਜ ਨਿਕਲਿਆ, ਨਿੱਕੀ ਨਿੱਕੀ ਰਿਵੀ ਰੁਮਕ ਪਈ। ਨ੍ਹਾਤੇ ਧੋਤੇ ਬ੍ਰਿਛ ਕਿੱਡੇ ਸੁਹਾਵਣੇ ਲਗਦੇ ਹਨ, ਗਰਦ ਤੋਂ ਸਫਾ ਹੋ ਗਈ ਹਵਾ ਕੇਡੀ ਹਲਕੀ ਤੇ ਜਲ ਜੱਫੀਆਂ ਪਾਉਣੀ ਹੋ ਰਹੀ ਹੈ, ਨੈਣਾਂ ਨੂੰ ਲੱਗ ਲੱਗ ਕੇ ਖੁਨਕੀ ਦੇਂਦੀ ਹੈ ਤੇ ਮੱਥੇ ਨੂੰ ਸੀਤਲਤਾ ਦੇ ਕੇ ਸ਼ਾਂਤੀ ਦਾ ਪ੍ਰਭਾਉ ਪਾਉਂਦੀ ਹੈ। ਠੰਢ ਤਾਂ ਵਧੀ ਹੈ, ਪਰ ਅਜੇ ਕੇਡੀ ਮਨਭਾਉਣੀ ਲਗਦੀ ਹੈ। ਸੂਰਜ ਦੀਆਂ ਕਿਰਨਾਂ ਪਿਆਰੀਆਂ ਲਗਦੀਆਂ ਹਨ, ਧੁੱਪ ਨਿਰਮਲ ਨਿੱਘੀ ਤੇ ਨਰੋਈ ਨਰੋਈ ਆਭਾ ਦੇਂਦੀ ਹੈ।

ਦੁਪਹਿਰਾਂ ਆਈਆਂ, ਲੰਘ ਗਈਆਂ, ਮਲੂਮ ਨਹੀਂ ਪਿਆ ਕਿ ਕੋਈ ਨਾ ਸੁਖਾਵੀਂ ਤਪਤ ਆਈ ਸੀ। ਦਿਨ ਢਲ ਗਿਆ, ਲੌਢਾ ਪਹਿਰ ਹੋ ਗਿਆ, ਬ੍ਰਿਛਾਂ ਦੇ ਲੰਮੇ ਪਰਛਾਵੇਂ ਧਰਤੀ ਤੇ ਲੇਟ ਗਏ। ਚੁੱਪ ਚਾਂ, ਸੁਆਂ, ਟਿਕਾਉ ਭਾਸਣ ਲੱਗ ਪਿਆ। ਸੰਤ ਬਿਮਲਾ ਸਿੰਘ ਜੀ ਆਪਣੀ ਕੁਟੀ ਦੇ ਬਾਹਰ ਆਸਣ ਤੇ ਬੈਠੇ ਹਨ, ਪਦਮਾਸਨ ਲੱਗਾ ਹੈ। ਸਾਹ ਇੰਨੇ ਧੀਮੇਂ ਤੇ ਬੱਝਵੇਂ ਆ ਜਾ ਰਹੇ ਹਨ ਕਿ ਆਉਂਦੇ ਜਾਂਦੇ ਜਾਪਦੇ ਨਹੀਂ। ਅੰਦਰ ਨਾਮ ਦਾ ਪ੍ਰਵਾਹ ਲਿਵ ਰੂਪ ਹੋਇਆ ਚਲ ਰਿਹਾ ਹੈ, ਜਿਸ ਵਿਚ ਹੁਣ ਵਿੱਥ ਦੀ ਪ੍ਰਤੀਤੀ ਅਪਣੇ ਅਤਿ ਘਟਵੇਂ ਥਾਂ ਹੈ। ਤੇਲ ਦੀ ਧਾਰ ਵਾਂਙੂ ਲਿਵ ਦੀ ਤਾਰ ਹੈ। ਮਾਨੋ, 'ਸਭਨਾ ਜੀਆ ਕਾ ਇਕੁ ਦਾਤਾ' ਜੋ ਹੈ, ਉਸ ਦੇ 'ਹੈ' ਭਾਵ ਵਿਚ ਸੰਤ ਜੀ 'ਹੈ' ਰੂਪ ਹੋਏ ਟਿਕ ਰਹੇ ਹਨ। ਹਾਂ 'ਸਭਨਾ ਜੀਆ ਕਾ ਇਕੁ ਦਾਤਾ' ਨਾ ਵਿਸਰਦਾ, ਨਾ ਵਿਸਰਦਾ 'ਯਾਦ' ਦਾ ਰੂਪ ਲੈਂਦਾ, ਸਹਿਜ ਧਜਾਨੀ ਜੀ ਦੇ ਜੀਵ ਤੱਤ ਨਾਲ ਪਰਮ ਤੱਤ ਹੋਕੇ ਮਿਲ ਗਿਆ ਹੈ। ਸੰਤ ਜੀ ਦੇ ਅੰਦਰ ਤਾਂ ਇਹ ਲਿਵ ਲੱਗੀ ਹੋਈ ਸਹਿਜ ਸਮਾਧੀ ਬਣ ਰਹੀ ਹੈ, ਪਰ ਬਾਹਰ ਸਮਾਂ ਹੈ, ਤੇ ਸਮਾਂ ਮਾਨੋਂ ਸਦਾ ਟੁਰਨ ਵਾਲੀਆਂ ਜੰਘਾਂ ਵਾਲਾ ਹੈ, ਟਿਕ ਹੀ ਨਹੀਂ ਸਕਦਾ, ਉਹ ਚਲ ਰਿਹਾ ਚਲਦਾ ਹੀ ਗਿਆ। ਸੂਰਜ ਬੀ ਆਪਣਾ ਚਾਨਣੇ ਦਾ ਰਥ ਲੈ ਕੇ ਪੱਛੋਂ ਜਾ ਪੁੱਜਾ। ਇਸ ਦੀਆਂ ਅੰਤਲੀਆਂ ਕਿਰਨਾਂ ਧਰਤੀ ਨੂੰ ਚੁੰਮ ਚੁੰਮ ਕੇ, ਸੁਨਹਿਰੀ ਰੂਪ ਲਾ ਲਾਕੇ ਮਾਨੋਂ ਮੁੜ ਸੂਰਜ ਮੰਡਲ ਵਿਚ ਛਾਲਾਂ ਮਾਰ ਮਾਰ ਟਿੱਕੀ ਦੇ ਨਾਲ ਹੇਠਾਂ ਜਾ ਰਹੀਆਂ ਹਨ। ਸ਼ਾਮਾਂ ਦੀ ਊਸ਼ਾ, ਜਾਂ ਇਉਂ ਕਹੋ ਕਿ ਆਥਣ ਦੀ ਪਹੁ ਪਸਰ ਰਹੀ ਹੈ। ਦੋਧੀ ਝਾਲ ਦਾ ਚਾਨਣ ਹੈ ਜੋ ਰਾਤ ਦੇ ਹਨੇਰੇ ਦੀ ਚਾਦਰ ਨੂੰ ਚਾਂਦੀ ਦੇ ਤਿੱਲੇ ਦੀ ਪੱਟੀ ਵਾਂਙੂ ਮਗਜ਼ੀ ਹੋਕੇ ਲੱਗਾ ਹੋਇਆ ਆਪਣਾ ਰੂਪ ਰਾਤ ਦਿੱਸਣ ਤੋਂ ਪਹਿਲੋਂ ਦਿਖਾ ਰਿਹਾ ਹੈ। ਇਸ ਵੇਲੇ ਸੰਤਾਂ ਦੇ ਹੱਥ ਗੋਡਿਆਂ ਤੋਂ ਹਿਲੇ, ਸੀਸ ਤੇ ਮਸਤਕ ਤੇ ਫਿਰੇ, ਨੈਣ ਖੁਲ੍ਹੇ, ਬੁੱਲ੍ਹਾਂ ਨੇ ਵਿਕਾਸ ਪਾਇਆ, ਰਸਨਾ ਹਿੱਲੀ, ਅਵਾਜ਼ ਆਈ 'ਵਾਹਿਗੁਰੂ'। ਫਿਰ ਚਾਰ ਚੁਫੇਰੇ ਤੱਕੇ, ਬੋਲੇ 'ਕੌਣ ਹੈ? ਕੋਈ ਨਹੀਂ', ਫੇਰ ਤੱਕੇ 'ਕੋਈ ਨਹੀਂ ਆਇਆ?' 'ਸਤਿਨਾਮ ਸ੍ਰੀ ਵਾਹਿਗੁਰੂ' 'ਸਤਿਨਾਮ', 'ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ।' 'ਧੰਨ ਗੁਰੂ ਨਾਨਕ ਦੇਵ' 'ਧੰਨ ਗੁਰੂ ਗੋਬਿੰਦ ਸਿੰਘ'। ਵਾਹਿਗੁਰੂ ਤੇਰਾ ਸਭ ਸਦਕਾ।

ਇੰਨੇ ਨੂੰ ਪੈਖੜ ਦੀ ਅਵਾਜ ਆਈ। ਪੰਜ ਸੱਤ ਸਿੰਘ ਤੇ ਹੋਰ ਸੱਜਣ ਸਹਿਜੇ ਸਹਿਜੇ ਬਗੀਚੀ ਵਿਚ ਵੜੇ। ਮਲਕੜੇ ਤੁਰਦੇ ਥੜੇ ਪਾਸ ਅਪੜੇ। ਸੰਤਾਂ ਵਲ ਸੀਸ ਝੁਕਾਕੇ ਹੱਥ ਜੋੜਕੇ ਸਭਨਾਂ ਨੇ ਫਤੇ ਗਜਾਈ। ਸੰਤਾਂ ਅੱਗੋਂ ਫਤੇ ਗਜਾਈ। ਫਿਰ ਥੜੇ ਤੇ ਚੜ੍ਹਕੇ ਵਿਛੀਆਂ ਪਈਆਂ ਦੱਭ ਦੀਆਂ ਸਫਾਂ ਤੇ ਸਾਰੇ ਬੈਠ ਗਏ। ਸੰਤਾਂ ਨੇ ਸਭ ਦੀ ਸੁਖ ਸਾਂਦ ਪੁੱਛੀ। ਅਵਾਜ ਟਿਕਵੀਂ ਪਰ ਗਰਵੀ ਸੀ। ਸੰਗਤਾਂ ਨੇ ਆਪ ਦੀ ਸੁਖ ਸਾਂਦ ਪੁੱਛੀ। ਸੰਤਾਂ ਨੇ ਆਦਰ ਨਾਲ ਉੱਤਰ ਦਿੱਤਾ ਤੇ ਪੁਛਿਆ : 'ਇਸ ਵੇਲੇ ਦਰਸ਼ਨ ਮੇਲੇ ਸੁਖਾਂ ਨਾਲ ਹੋਏ?'

ਪ੍ਰੀਤਮ ਸਿੰਘ- ਅਸੀਂ ਗ੍ਰਿਹਸਤੀ ਲੋਭੀ ਜੀਵ ਹਾਂ, ਕੁਛ ਯਾਚਨਾ ਕਰਨ ਆਏ ਹਾਂ।

ਸੰਤ ਜੀ- ਆਗਿਆ ਕਰੋ। ਲੋਭ ਮਾੜਾ ਨਹੀਂ ਜੇ ਵਾਹਿਗੁਰੂ ਦੇ ਨਾਮ ਦਾ ਹੋਵੇ ਤਾਂ।

ਪ੍ਰੀਤਮ ਸਿੰਘ- ਨਗਰ ਵਿਚ ਖਬਰ ਸੀ ਕਿ ਸੰਤਾਂ ਨੇ ਕਿਸੇ ਦੂਰ ਦੇਸ਼ ਦੇ ਤਿਆਰੇ ਕੀਤੇ ਹਨ, ਤੇ ਸੰਗਤਾਂ ਦੀ ਚਾਹਨਾ ਸੀ ਕਿ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਨੇੜੇ ਹੈ, ਉਸ ਸਮਾਗਮ ਵਿਚ ਆਪ ਜੀ ਦੇ ਸੁਭਾਗ ਦਰਸ਼ਨ ਹੋਣ। ਅੰਮ੍ਰਿਤ ਬਚਨ ਆਪ ਦੇ ਸੁਣ ਕੇ ਪ੍ਰੇਮੀਆਂ ਦੇ ਮਨ ਬਾਰ ਬਾਰ ਸੁਣਨ ਦੇ ਲੋਭੀ ਹੋ ਰਹੇ ਹਨ। ਇਸ ਯਾਚਨਾ ਲਈ, ਇਸ ਖੈਰ ਲਈ ਝੋਲੀਆਂ ਅੱਡਕੇ ਹਾਜ਼ਰ ਹੋਏ ਹਾਂ। ਜੇ ਮਿਹਰ ਹੋ ਜਾਏ ਤਾਂ ਧੰਨ ਭਾਗ ਹਨ!

ਸੰਤ ਜੀ- ਜੀਉ ਆਏ! ਸਤਿਸੰਗ ਦਾ ਲੋਭ ਸਭ ਛਾਤੀਆਂ ਵਿਚ ਜਾਗੇ, ਇਸ ਨੇ ਨਿਰਲੋਭ ਕਰਨਾ ਹੈ। ਸੰਕਲਪ ਸਾਡਾ ਉਠ ਚੁਕਾ ਹੈ ਤੇ ਪੂਰਬ ਦਾ ਰੁਖ ਹੈ। ਪਹਿਲਾਂ ਕਾਂਸ਼ੀ ਜਾਣਾ ਹੈ। ਤਪ ਤੇ ਸ਼ਾਸਤਰ ਦੇ ਬਨ ਵਿਚੋਂ ਜਿਸ ਗੁਰਮੁਖ ਨੇ ਗੁਰਬਾਣੀ ਦੀ ਅੰਮ੍ਰਿਤ ਗੰਗਾ ਵਿਚ ਵੈਕੁੰਠ ਮੰਦਰ ਬਣਾ ਦਿੱਤਾ ਹੈ ਉਸਦੀ ਯਾਤਰਾ ਕਰਕੇ ਗੁਰਪੁਰਬ ਪਟਨੇ ਸਾਹਿਬ ਕਰਨੇ ਦਾ ਸੰਕਲਪ ਹੈ।

ਸਾਧੂ ਸ਼ਾਂਤੀ ਸਰੂਪ- ਗੁਰਧਾਮ ਦੀ ਯਾਤਰਾ ਤੋਂ ਰੋਕਣਾ ਤੇ ਗੁਰਮੁਖਾਂ ਦੇ ਸਤਿਸੰਗ ਤੋਂ ਵਰਜਣਾਂ ਸੰਗਤ ਦਾ ਧਰਮ ਨਹੀਂ, ਪਰ ਸਤਿਸੰਗ ਵਿਚ ਵੀ ਸ੍ਵਾਰਥ ਵਸਦਾ ਹੈ। ਸੰਗਤ ਆਪਣੇ ਹਿਤ ਲਈ ਚਾਹੁੰਦੀ ਹੈ ਕਿ ਗੁਰਪੁਰਬ ਦੇ ਦਰਸ਼ਨ ਮੇਲੇ ਹੋਕੇ ਜੇ ਸੰਤ ਤਜਾਰੇ ਕਰਨ ਤਾਂ ਮਹਾਨ ਕ੍ਰਿਪਾ ਹੈ, ਪਰ ਸ੍ਵੈਛੰਦ, ਅਪਨੀ ਖੁੱਲ੍ਹ ਤੇ ਸਹਿਜ ਭਾ ਦੀ ਇੱਛਾ ਅਨੁਸਾਰ।

ਸੰਤ ਜੀ- ਸੱਚ ਕਿਹਾ ਨੇ। ਆਪਣਾ ਸੰਕਲਪ ਤਾਂ ਦੱਸ ਦਿਤਾ ਹੈ ਜੋ ਮਨ ਆਪਣੇ ਫੁਰ ਰਿਹਾ ਸੀ, ਹੁਕਮ ਦੀ ਖੇਡ ਵੱਖਰੀ ਹੈ। ਸੰਗਤ ਦੀ ਖੁਸ਼ੀ ਜੇ ਮੇਰੇ ਇਥੇ ਠਹਿਰਨ ਵਿਚ ਹੈ ਤਾਂ ਮੇਰੀ ਖੁਸ਼ੀ ਤਾਂ ਗੁਰੂ ਕੀ ਖੁਸ਼ੀ ਵਿਚ ਹੈ ਤੇ ਗੁਰੂ ਸੰਗਤ ਵਿਚ ਵਰਤਦਾ ਹੈ। ਸੋ ਜਿਵੇਂ ਆਗਿਆ ਹੈ, ਹੋ ਜਾਸੀ।

ਸੰਗਤ- ਵਾਹ ਵਾ, ਧੰਨ ਜਨਮ ਹੈ, ਆਪ ਨੇ ਸੰਗਤ ਦਾ ਮਾਣ ਰੱਖਿਆ ਹੈ, ਗੁਰੂ ਆਪ ਦਾ ਸਦਾ ਮਾਣ ਰੱਖੇ। ਧੰਨ ਹੋ!

ਸੰਤ ਜੀ- ਪਰ ਸਜਣੋਂ! ਮੈਂ ਇਕ ਬਿਨੈ ਕਰਨੀ ਹੈ, ਆਪ ਸਜਣਾਂ ਨੇ ਉਦਾਸ ਨਹੀਂ ਹੋਣਾ। ਉਹ ਇਹ ਹੈ ਕਿ ਪੁਰਬ ਵਾਲੇ ਦਿਨ ਦੇ ਉਤਸ਼ਾਹ ਦਾ ਤੇ ਕੀਰਤਨ ਕਥਾ ਜੋੜ ਦਾ ਆਨੰਦ ਸੰਗਤ ਨਾਲ ਸਾਂਝੀਵਾਲ ਮੈਨੂੰ ਮਿਲੇ।ਕਥਾ ਆਦਿਕ ਦੀ ਸੇਵਾ ਸੁੱਖ ਮਿਲੇ।

ਸੰਤ ਸ਼ਾਂਤੀ ਸਰੂਪ- ਜਿਵੇਂ ਆਪ ਦੀ ਆਗਿਆ ਹੋਸੀ ਸਿਰ ਮੱਥੇ ਤੇ ਹੈ, ਪਰ ਬੱਚਿਆਂ ਦਾ ਮਨ ਕੋਇਲ ਕੂ ਸੁਣਨ ਨੂੰ ਉਮਲਦਾ ਹੀ ਰਹਿੰਦਾ ਹੈ। ਸੁਤੇ ਚਿੱਤ ਜੇ ਨਾ ਕਥਾ ਕਰੇ ਤਾਂ ਸਤਿ ਬਚਨ, ਜੇ ਕੋਈ ਕਾਰਣ ਹੋਵੇ ਤੇ ਸੰਗਤ ਉਸਦਾ ਉਪਰਾਲਾ ਕਰ ਸਕੇ ਤੇ ਆਪ ਦੱਸਣੇ ਦੀ ਖੇਚਲ ਕਰ ਦਿਓ ਤਾਂ ਆਗਿਆ ਦਾ ਪਾਲਣ ਹੋ ਜਾਵੇਗਾ।

ਸੰਤ ਜੀ- ਖੇਚਲ ਤਾਂ ਕੋਈ ਨਹੀਂ, ਇਕ ਮਰਿਯਾਦਾ ਦੀ ਵਿਰੋਧਤਾ ਹੁੰਦੀ ਹੈ ਜੇ ਰੁਕ ਸਕੇ ਤਾਂ।

ਸ਼ਾਂਤੀ ਸਰੂਪ- ਆਗਿਆ ਕਰ ਦਿਓ ਮਿਹਰਾਂ ਨਾਲ।

ਸੰਤ- ਪਿਛਲੇ ਗੁਰਪੁਰਬ ਦੀ ਅਵਤਾਰ ਕਥਾ ਵਿਚ ਬਹੁਤ ਸੱਜਣਾਂ ਨੇ ਪ੍ਰਸ਼ਨ ਉੱਤਰ ਕੀਤੇ ਸਨ। ਮੈਂ ਪ੍ਰਸ਼ਨ ਉੱਤਰਾਂ ਤੋਂ ਘਾਬਰਦਾ ਨਹੀਂ, ਕਿਉਂਕਿ ਮੇਰਾ ਰਸਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਸਤਿ ਮਾਰਗ' ਹੈ 'ਸਚ', ਸਚ ਪਰ ਟੁਰਨੇ ਦਾ ਯਤਨ। ਮੈਨੂੰ ਕਿਸੇ ਕੁਛ ਪੁੱਛਿਆ, ਜੇ ਆਉਂਦਾ ਹੈ ਤਾਂ ਦੱਸਣ ਵਿਚ ਸੰਕੋਚ ਨਹੀਂ, ਜੇ ਨਹੀਂ ਆਉਂਦਾ ਤਾਂ ਇਹ ਕਹਿੰਦਿਆਂ ਕਿ 'ਸਜਣਾਂ ਇਸ ਗਲ ਦਾ ਉੱਤਰ ਮੈਨੂੰ ਨਹੀਂ ਫੁਰਦਾ' ਮੈਨੂੰ ਹੀਣਤਾ ਦੀ ਲਾਜ ਨਹੀਂ, ਕਿਉਂਕਿ ਅਭੁਲ ਇਕ ਕਰਤਾਰ ਹੈ ਤੇ ਇਕ ਗੁਰੂ ਹੈ। 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥' ਸੋ ਵਾਹਿਗੁਰੂ ਤੇ ਦਸ ਗੁਰੂ ਅਭੁੱਲ ਪਦ ਤੇ ਹੈਨ, ਬਾਕੀ ਸਾਧੂ ਸੰਤ ਮਹਾਤਮਾ ਹੋਰ ਵਡਕੇ, ਚਾਹੇ ਕਿਤਨੇ ਵਡੇ ਹੋਣ, ਭੁੱਲ ਮੰਡਲ ਵਿਚ ਹੈਨ। ਬਖਸ਼ ਲੈਣਾ, ਮੈਂ ਕਿਸੇ ਬਾਬਤ 'ਭੁੱਲ' ਦਾ ਪਦ ਵਰਤਾਂ, ਮੇਰੀ ਭੁੱਲ ਹੈ, ਪਰ ਮੈਂ ਪੂਰੇ ਗੁਰੂ, ਅਭੁੱਲ ਗੁਰੂ ਦੇ ਮੁਕਾਬਲੇ ਤੇ ਹੋਰਨਾਂ ਦਾ ਜ਼ਿਕਰ ਕੀਤਾ ਹੈ, ਮੈਥੋਂ ਸਭ ਉਚੇ ਹੈਨ। ਹਾਂ, ਮੇਰਾ ਗੁਰੂ ਨਾਨਕ ਤੇ ਮੇਰਾ ਕਲਗੀਆਂ ਵਾਲਾ ਆਤਮ ਕਿਰਨਾਂ ਤੇ ਤੇਜ ਦਮਕਦੀਆਂ ਕਲਗੀਆਂ ਵਾਲਾ ਸਾਹਿਬ-ਗੁਰੂ ਹੈ, ਅਭੁੱਲ ਹੈ ਤੇ ਸਾਰਿਆਂ ਤੋਂ ਉੱਚਾ ਹੈ। ਸੋ ਅਦਬ ਵਿਚ ਆਕੇ ਆਖੋ 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥'

ਸਾਰਿਆਂ ਨੇ ਪ੍ਰੇਮ ਨਾਲ ਤੁਕ ਪੜ੍ਹੀ।

ਸ਼ਾਂਤੀ ਸਰੂਪ- ਸੰਤ ਜੀ ਸਚ ਆਖਿਆ ਨੇ, 'ਸਭ ਤੇ ਵਡਾ ਸਤਿਗੁਰੁ ਨਾਨਕੁ' ਗੁਰੂ ਵਾਕ ਹੈ। ਪਰ ਕੀਹ ਤੁਸੀਂ ਕੋਈ ਮੋਟੀ ਗਲ ਦਸ ਸਕਦੇ ਹੋ ਫਰਕ ਦੀ ਜੋ ਸਾਡੀ ਸਮਝੇ ਪੈ ਜਾਵੇ?

ਸੰਤ- ਆਪ ਤਾਂ ਸੰਸਕ੍ਰਿਤ ਪੜ੍ਹੇ ਹੋ। ਯੋਗੀ ਦੋ ਪਰਕਾਰ ਦੇ ਹੁੰਦੇ ਹਨ, ਇਕ ਤਾਂ ਓਹ ਜੋ ਸਾਧਨ ਕਰਕੇ ਨਿਰੁੱਧ ਅਵਸਥਾ ਨੂੰ ਅੱਪੜਦੇ ਹਨ, ਦੂਜੇ ਓਹ ਯੋਗੀ ਜੋ ਜਨਮ ਦੇ ਹੀ ਯੁਕਤ ਅਰਥਾਤ ਯੋਗੀ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਬਾਬਤ ਵਾਕ ਦੇਖੋ 'ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ' ਫੇਰ ਗੁਰੂ ਨਾਨਕ ਦੇਵ ਜੀ ਦਾ ਜੀਵਨ ਪੜ੍ਹੋ। ਆਪ ਨੂੰ ਪਤਾ ਲੱਗੇਗਾ ਕਿ ਅਵਤਾਰ ਲੈਂਦੇ ਹੀ ਆਪ ਪੂਰਨ ਪਦ ਤੇ ਸੀ। ਇਹ ਮੈਂ ਆਪ ਨੂੰ ਇਕ ਵੰਡ ਯੋਗੀਆਂ ਦੀ ਦੱਸੀ ਹੈ। ਗੁਰੂ ਸਾਹਿਬ ਦਾ ਦਰਜਾ ਦੋਹਾਂ ਤੋਂ ਉਪਰ ਹੈ। ਗੁਰੂ ਸਾਹਿਬ ਅਕਾਲ ਪੁਰਖ ਜੀ ਦੀ 'ਗੁਰੂ ਸ਼ਕਤੀ' ਦੇ 'ਦੇਹੀ ਵਿਚ ਪ੍ਰਕਾਸ਼' ਰੂਪ ਹਨ। ਇਸੇ ਕਰਕੇ 'ਗੁਰ ਨਾਨਕ ਦੇਵ ਗੋਵਿੰਦ ਰੂਪ' ਵਰਣਨ ਹੋਏ ਹਨ ਤੇ ਇਸੇ ਕਰਕੇ 'ਸਭ ਤੇ ਵਡਾ ਸਤਿਗੁਰੁ ਨਾਨਕੁ' ਵਰਣਨ ਹੋਏ ਹਨ। ਹੁਣ ਪਹਿਲੀ ਗਲ ਨੂੰ ਲੈਂਦੇ ਹਾਂ ਕਰਤਾਰ ਤੇ ਗੁਰੂ ਅਭੁੱਲ ਹਨ, ਅਸੀਂ ਭੁੱਲਣਹਾਰ ਹਾਂ। ਆਪ ਨੂੰ ਭੁੱਲਣਹਾਰ ਮੰਨਦਿਆਂ ਸਾਨੂੰ ਕਿਸੇ ਝੂਠੀ ਲਾਜ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਪਰ ਮਰਿਯਾਦਾ ਭੰਗ ਨਹੀਂ ਹੋਣੀ ਚਾਹੀਏ। ਮਰਿਯਾਦਾ ਇਹ ਹੈ ਕਿ ਚਲਦੀ ਕਥਾ ਦੇ ਪ੍ਰਵਾਹ ਵਿਚ ਉੱਤਰ ਪ੍ਰਸ਼ਨ ਨਾ ਹੋਣ, ਕਿਉਂਕਿ ਕਥਾ ਦੇ ਰਸ ਦਾ ਠੰਠ ਨਹੀਂ ਬੱਝਦਾ। ਤੇ ਕਥਾ ਕੀਰਤਨ ਕਰੀਦਾ ਹੈ ਮਨ ਦੇ ਇਕ ਪਾਸੇ ਲੱਗ ਕੇ ਉਸ ਪਾਸੇ ਤੇ ਟਿਕਾਉ ਦਾ ਰਸ ਲੈਣ ਵਾਸਤੇ। ਜੇ ਇਹ ਪਰਿਪਾਟੀ ਟੁਰ ਪਏ ਕਿ ਕਥਾ ਵਿਚ ਹੀ ਉੱਤਰ ਪ੍ਰਸ਼ਨ ਹੋਣ ਤਾਂ ਕਥਾ ਫਿਰ ਮੁਬਾਹਿਸੇ ਦੀ ਸ਼ਕਲ ਪਕੜ ਜਾਏਗੀ, ਕਥਾ ਨਹੀਂ ਰਹੇਗੀ। ਬਹਿਸਾਂ ਤੇ ਵਾਦ ਵਿਵਾਦ ਵਾਸਤੇ ਖਰੜ ਗਜਾਨ ਵਾਲੇ ਲੋਕ ਬਹੁਤ ਹਨ, ਜਿਨ੍ਹਾਂ ਨੇ ਕੇਵਲ ਮਨ ਤੇ ਬੁੱਧੀ ਦੀ ਚੰਚਲਤਾਈ ਦਾ ਰਸ ਲੈਣਾ ਹੈ ਉਹ ਪਏ ਬਹਿਸਾਂ ਕਰਨ। ਜਿਨ੍ਹਾਂ ਨੇ ਤਤਸਾਰ ਲੱਭਣਾ ਹੈ ਤੇ ਜੀਵਨ ਨੂੰ ਸੱਚੀ ਟਕਸਾਲ ਵਿਚ ਢਾਲਣਾ ਹੈ, ਉਹਨਾਂ ਨੇ ਨਾਮ ਜਪਣਾ ਹੈ ਤੇ ਮਨ ਨੂੰ ਸਮਝਾਉਣ ਵਾਸਤੇ ਕਛੂਅਕ ਗਿਆਨ ਪੜ੍ਹਨਾ ਹੈ। ਜਦ ਕਦੇ ਉਹਨਾਂ ਨੇ ਉੱਤਰ ਪ੍ਰਸ਼ਨ ਕਰਨੇ ਹਨ ਤਾਂ ਮਨ ਸਮਝਾਵਨ ਖਾਤਰ ਤੇ ਸਤਿ ਦੀ ਪ੍ਰਾਪਤੀ ਵਾਸਤੇ, ਤੇ ਉਹ ਚਲਦੀ ਕਥਾ ਦੇ ਪ੍ਰਵਾਹ ਵਿਚ ਨਹੀਂ ਕਰਨੇ। ਇਸ ਲਈ ਕਥਾ ਵਿਚ ਬਹਿਸ ਦੀ ਪਰਿਪਾਟੀ ਨਾ ਪਵੇ ਤਾਂ ਚੰਗਾ ਹੈ। ਮੈਂ ਆਪਣੇ ਲਈ ਨਹੀਂ ਕਹਿੰਦਾ ਮੈਂ ਇਕ ਮਾੜੀ ਚਾਲ ਦੇ ਪੈਣ ਨੂੰ ਰੋਕਣ ਵਾਸਤੇ ਕਹਿੰਦਾ ਹਾਂ। ਕਿਉਂਕਿ ਆਮ ਸੁਭਾਵ ਜੀਵ ਦਾ ਇਹ ਹੈ ਕਿ ਇਕ ਥਾਵੇਂ ਜੋ ਨਵਾਂ ਰਿਵਾਜ ਟੁਰ ਪਏ ਉਹ ਫੈਲ ਜਾਂਦਾ ਹੈ ਤੇ ਵਿਤੰਡਾਵਾਦੀ ਉਸ ਨੂੰ ਨਜ਼ੀਰ ਬਣਾ ਲੈਂਦੇ ਹਨ। ਕੀਰਤਨ ਕੀਰਤਨ ਰਹੇ, ਕਥਾ ਕਥਾ ਰਹੇ, ਵਖਜਾਨ ਵਖਜਾਨ ਰਹੇ ਤੇ ਬਹਿਸ ਬਹਿਸ ਰਹੇ, ਹਾਂ ਕਥਾ ਵਿਚ ਜੋ ਸ਼ੰਕਾ ਉਪਜਣ ਉਹ ਲਿਖ ਲਈਆਂ ਜਾਣ, ਪਿੱਛੋਂ ਪੁੱਛ ਦੱਸ ਲਈਆਂ।

❖ ❖ ❖ ❖ (ਚਲਦਾ)

# Creation of the Khalsa

❖ Nikky-Guninder Kaur Singh



**Takhat Sri Kesgarh Sahib, Sri Anandpur : Birthplace of the Khalsa**

Guru Nanak's vision of affirming and celebrating the Oneness of Ultimate Reality, and the oneness of humanity, was concretized by Guru Gobind Singh. On Baisakhi day 1699, he inaugurated the Khalsa: the Order of the Pure. In front of a large congregation, he performed a dramatic act: he asked for the lives of five devotees and acted as if he killed them. Though historical documentation may be lacking, the event is deeply etched in Sikh minds and hearts. As the leading historian, Hew McLeod, says perceptively:

> It matters little whether five volunteers were actually summoned or whether five goats were actually slain. The overriding fact is that in its essential outline the story is firmly believed and that this belief has unquestionably contributed to the subsequent shaping of conventional Sikh attitudes.

It is memories that construct all identity, and Baisakhi 1699 is indeed critical to the shaping of Sikh identity. The genesis of the Sikh personality, name, birthplace, religious rites and prayers – in other words, what they do and wear and how they view themselves – can all be traced to Guru Gobind Singh's Baisakhi of 1699.

As the narrative goes, for the celebration of the annual spring festival of Baisakhi 1699 in Anandpur, Guru Gobind Singh ordered especially elaborate preparations. Sikhs came in large numbers. The air in Anandpur was tense with anticipation. Finally, Guru Gobind Singh came before the large assembly. Holding an unsheathed sword in hand, he asked: 'Is there a complete Sikh present here, who would offer their head to the Guru?' His strange demand numbed the audience. Nobody moved, nobody uttered a word. Guru Gobind Singh repeated his words. Confusion began to turn into fear. When the Guru repeated the call for the third time, Daya Ram, a member of the congregation, arose and offered himself. He walked behind the Guru into a tent. The audience heard a loud thud and saw a flow of blood. The Guru emerged alone from the tent, his sword dripping with fresh blood. He then demanded the head of a second Sikh. This was more than many could endure. People started to leave. Some of them went to complain to the Guru's mother. Soon, however, a second person, named Dharam Das, stood up to offer himself to the Guru's sword. He too was taken into the tent and the Guru returned with his sword dripping with more fresh blood and demanded yet a third head. The pattern repeated itself five times. The other three devotees who offered themselves were Muhkam, Himmat and Sahib Chand. After the fifth time, the Guru led them – all hale and hearty – back to the assembly.

The Baisakhi event comes across as an analogue of the founding event in the Hebrew Bible – God's testing of Abraham by asking him to sacrifice his beloved son Isaac. The role of Guru Gobind Singh's sword is similar to the knife that Abraham carries to the land of Moriah to kill his beloved Isaac. Abraham's knife is called *ma'achelet*, from the root *achol*, to eat, and according to the Midrash Rabbah: 'everything that Israel eats in this world is by virtue of that knife'. Guru Gobind Singh's sword has been nurturing the Sikhs emotionally and spiritually for generations. His was not drama for drama's sake, nor a selfish test; rather, it was a profound culmination of years of deep reflection and

commitment to his moral vision. Guru Gobind Singh's creative choreography was intended to strengthen his devotees with their own inner power. Though only five from the congregation went through the process, the entire Baisakhi 1699 gathering was intensely involved in it. Something new came into the world of Sikhism. The Guru's *aqedah* had psychological significance for both the individual Sikh and the community at large. By putting them through the death crisis, Guru Gobind Singh gave his Sikhs a new attitude toward life and living. It was the moment when he made them aware of their self-determination and love. The *aqedah* was his way of bringing them into consciousness – instilling inner confidence so that they would grow and develop both morally and spiritually.

The five courageous Sikhs who responded successively to Guru Gobind Singh's call became his Five Beloved *(Panj Pyare)*. The Guru fed them the immortal *(amrit)* elixir, and with that initiated them into the new order of the Khalsa. In this popularly known *khande ki pahul* (initiation through the double-edged sword), the Guru churned water in an iron bowl with his double-edged sword *(khanda)* while chanting sacred verses. His wife, Jitoji, came forward and put some sugar-puffs into the vessel. Sweetness through the feminine hand was thus mingled with the alchemy of iron. The present-day custom of preparing the *amrit* elixir with the double-edged sword to the accompaniment of five hymns (Guru Nanak's *Jap*, Guru Gobind Singh's *Jaap*, *Swaiyyas, Chaupai*, and Guru Amar Das's *Anand*), is believed to have begun on that day with Guru Gobind Singh's initiation of his Five Beloved. This event marked Guru Gobind Singh's plan to found a new fellowship, which would be strong and courageous to resist any form of tyranny and oppression.

The Five Beloved had come to Anandpur from different regions of India and belonged to different social classes. But they drank from the same bowl, the *amrit*, prepared by the Guru and his wife. This marked a radical departure in traditional Indian culture, where even the shadow of a lower caste person was considered to pollute food or drink. Through the *amrit* drink, the five were bonded together into a new relationship with no more social, religious or cultural differences. With each sip, ancient norms upholding segregation and the hierarchies of caste and creed were washed away. Their drinking together defined their new birth and equal membership in the family of the Khalsa. Just as sharing a mother's milk welds her offspring into a family, so sipping the Guru's *amrit* welded the Five Beloved into the Khalsa family for ever. Through *khande ki pahul,* the Guru produced a new morality and eliminated the immemorial custom that people had to fulfill the specific roles assigned to them at birth. By vehemently rejecting biological castes and their assigned codes, Guru Gobind Singh opened up a window for his community to throw out all social disparities. That the Guru did not only intend to erase the hegemony of the high caste Brahmin over the untouchable Shudra, but also that of man over woman, has yet to be acknowledged by the Sikh community.

The five who received the *amrit* from Guru Gobind Singh were also given the surname of Singh, meaning lion, and were ever after to wear the emblems of the Khalsa popularly known as 'the Five Ks'. These were *kesha* or long hair and beard; *kangha*, a comb tucked into the *kesha* to keep it tidy, in contrast with the recluses who kept it matted as a token of their having renounced the world; *kara*, a steel bracelet; *kacha*, short breeches worn by the soldiers of that time; and *kirpan*, a sword. Their rebirth into the new order meant the annihilation of their previous family ties, of their confinement to a hereditary occupation, of all their earlier beliefs, and of the rituals they had so far observed. They were enjoined to help the weak and fight the oppressor. They were to have faith in the One, and were to consider all human beings equal, irrespective of caste and religion. Guru Gobind Singh spoke to them:

> *I wish you all to embrace one creed and follow one path, rising above all differences of religion as now practiced. Let the four Hindu castes, who have different duties laid down for them in their scriptures, abandon them altogether, and adopting the way of mutual help and cooperation, mix freely with one another. Do not follow the old scriptures. Let none pay homage to the Ganges and other places of pilgrimage which are considered to be holy in the Hindu religion, or worship the Hindu deities such as Rama, Krishna, Brahma and Durga, etc., but all should cherish faith in the teachings of Guru Nanak and his successors. Let each of the four castes receive my Baptism of the double-edged sword, eat out of the same vessel, and feel no aloofness from, or contempt for one another.*

The *amrit* initiation was open to both men and women. Women were also to wear the five emblems of the Khalsa. As men received the surname Singh, women received the surname Kaur, signifying princess, though once again, the exact historical origins of this tradition are obscure. Single or married, Sikh women retain the last name Kaur. Thus the patriarchal structure of society is modified. Men and women no longer trace their lineage or occupation to the 'father'. 'Singh' and 'Kaur' became equal partners in the new family of Sikhism.

*Khande ki pahul* was the transforming ritual that breathed new life and gave freedom to all recipients. The Khalsa was Guru Gobind Singh's collective and democratic institution, one in which all the members were royalty–equally Singhs and Kaurs. After initiating his Five Beloved, the Guru took *amrit* from them to become their equal. This too is quite a radical performance: the disciples initiating the Guru! They are given confidence and responsibility to lead; not be led. His hymn of praise celebrates their mutuality: 'the Khalsa is my special form *(khalsa mero roop hai khas)*, the Khalsa is my chief limb *(khalsa mero mukh hae anga)*, the Khalsa is my body and breath *(khalsa mero pind paran)*, the Khalsa is my life of life *(khalsa meri jan ki jan)*'. The liberating new mode of selfhood generated by Guru Gobind Singh for the gathering in 1699 was meant to be for future generations as well.

There is a typological relation between *Jap*, the first hymn in Sikh scripture and the Tenth Guru's Baisakhi performance. Stanza 16 of Guru Nanak's *Jap* introduces the Five *('Panch')*:

*The Panch are accepted, and the Panch lead on*
*The Panch receive honors in the Court,*
*The Panch shine splendidly in the Royal Gate,*
*The Panch meditate on the one and only Guru.*
(Jap: 16)

The *Panch* are role models for divine love; they receive honors, they shine resplendently, and they meditate on the singular One. This Nanakian passage forms a script for the dramatic emergence of the Five Beloved – who, drenched in their love for their Guru, gave themselves to his sword. In turn they become leaders of their community, showing the entire Baisakhi gathering the Sikh path to liberation launched by Guru Nanak himself. Like Guru Nanak's *Panch*, the *Panj* are treated with the utmost respect and dignity. They are not chosen as such; they volunteer themselves, and they prove themselves in their infinite love. By feeding them the *amrit* churned with the poetic praises of the Divine coming down from his predecessors, Guru Gobind Singh provides his Five Beloved *(Panj Pyare)* with an immediate taste and recognition of That One. In effect, the drama enacted out on the Baisakhi stage in 1699 was penned by the First Sikh Guru.

Even the Five Ks can be traced farther back. As I explored in a previous work, the Five Ks worn by Sikh men and women are foreshadowed in their scripture. They all commence with the letter k, but they all end up in and with the infinite One, for each of them is a symbolic reminder of multivalent spiritual associations. For example, the *kara* (bracelet) around the wrist is the sign par excellence of *krita nasa* – an annihilation of hereditary occupations that determine one's place in society. In the scripture, Guru Nanak recalls the Divine as the creator of the bracelet: '*kari kar karta kangan pahirai in bidhi citu dharei* – she wears the bracelet created by the Creator, so consciousness is held steadily' (GG: 359). Thus the transcendent is pulled into the daily rhythms of life. The ordinary articles from Guru Gobind Singh's culture – something so simple and common as a comb, a bracelet, long hair, particular underclothes, a sword – had extraordinary personal meaning for the Tenth Guru because they were laden with spirituality in a text he grew up on. That he would endow it with Guruship in the final hour of his life (to which we shall turn next) manifests the profound motivational significance that the subline word had for him. As the Five Ks unite artistically and philosophically with the Granth, they link Guru Nanak to Guru Gobind Singh as single historical horizon.

The Tenth Guru produced a perfect valence between *bana*, the items that Sikhs physically wear, and *bani*, the poetry that Sikhs recite. It was in a period of intense social and political oppression that he created the Khalsa and gave them their external identifications. The Five Ks promote self-cultivation: they are concerned with shaping an ethical citizen situated within an active social, political and religious world. Like the robe that the first Sikh Guru received from the Divine during his mystical experience in the River Bein, the Five Ks were given to the Khalsa as symbols of self-respect and respect for one another. Each of these physical items is made up of spiritual elements.

Courtesy : *Sikhism: An Introduction*

❖ ❖ ❖ ❖

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

14 **ਅਪ੍ਰੈਲ,** 1921

## ਸਿੱਖ ਗੁਰਦੁਆਰਿਆਂ ਦਾ ਬਿੱਲ

ਸੀਲੈਕਟ ਕਮੇਟੀ ਵਿਚੋਂ ਹੋ ਨਿਕਲਿਆ ਹੈ, ਇਸ ਵਿਚ ਜੋ ਤਬਦੀਲੀਆਂ ਹੋਈਆਂ ਹਨ ਉਨ੍ਹਾਂ ਵਿਚੋਂ ਜ਼ਰੂਰੀ ਇਹ ਹਨ:

ਸੀਲੈਕਟ ਕਮੇਟੀ ਵਿਚੋਂ ਗੁਰਦੁਆਰਿਆਂ ਸੰਬੰਧੀ ਬਿੱਲ ਬਾਬਤ ਕਾਂਟ ਸ਼ਾਂਟ ਹੋ ਕੇ ਜਿਸ ਸੂਰਤ ਵਿਚ ਕੌਂਸਲ ਵਿਚ ਗਿਆ ਹੈ, ਉਸ ਅਨੁਸਾਰ ਕੌਂਸਲ ਦੇ ਸਿੱਖ ਮੈਂਬਰਾਂ 8 ਸਿੰਘਾਂ ਦੇ ਨਾਮ ਪੇਸ਼ ਕਰਨਗੇ, ਜਿਨ੍ਹਾਂ ਵਿਚੋਂ ਦੋ ਨਾਮ ਸਰਕਾਰ ਲਏਗੀ, ਇਕ ਸਿੱਖ ਸਰਕਾਰ ਨੀਯਤ ਕਰੇਗੀ ਤੇ ਇਕ ਅੰਗ੍ਰੇਜ਼ ਪਰਧਾਨ ਸਰਕਾਰ ਦੇਵੇਗੀ, ਗੋਇਆ ਕਿ ਇਸ ਬੋਰਡ ਵਿਚ ਸਿੱਖਾਂ ਦੇ ਵੋਟ ਦੋ ਤੇ ਸਰਕਾਰ ਦੇ ਤਿੰਨ ਹੋਣਗੇ। ਸੀਲੈਕਟ ਕਮੇਟੀ ਦੇ ਸਿੱਖ ਮੈਂਬਰਾਂ ਨੇ ਇਸਦੇ ਨਾਲ ਆਪਣੇ ਵਲੋਂ ਵਿਰੋਧਤਾ ਦੇ ਨੋਟ ਦਿੱਤੇ ਹਨ, ਹਿੰਦੂ ਮੈਂਬਰਾਂ ਵਲੋਂ ਵਿਰੋਧਤਾ ਦੇ ਜ਼ਬਰਦਸਤ ਨੋਟ ਦਿੱਤੇ ਗਏ ਹਨ, 16 ਅਪ੍ਰੈਲ ਨੂੰ ਇਹ ਬਿੱਲ ਪੇਸ਼ ਹੋਵੇਗਾ।

ਇਸ ਵਿਚ ਜੋ ਦੋ ਸਿੱਖ ਲੈ ਕੇ ਉਹਨਾਂ ਨੂੰ ਦੂਸਰੇ ਪਾਸੇ ਤ੍ਰੈ ਵੋਟਾਂ ਰੱਖ ਕੇ ਮਾਈਨਾਰੇਟੀ ਵਿਚ ਰੱਖਿਆ ਗਿਆ ਹੈ, ਇਹ ਗਾਲਬਨ ਹਿੰਦੂਆਂ ਦੀ ਤਲਾਫੀ ਵਾਸਤੇ ਹੈ। ਹਿੰਦੂ ਮੈਂਬਰਾਂ ਰਾਜਾ ਨਰੇਂਦ੍ਰ ਨਾਥ ਤੇ ਗਨਪਤ ਰਾਇ ਨੇ ਬੀ ਇਸ ਬਿੱਲ ਨੂੰ ਅਪਨੇ ਹਿੰਦੂ ਨੁਕਤਾ ਖਯਾਲ ਤੋਂ ਨਾ ਪਸੰਦ ਕੀਤਾ ਹੈ। ਜੇਹੜੀ ਗਵਰਨਮੈਂਟ ਨੂੰ ਨਿਰਪੱਖ ਹੋ ਕੇ ਵਿਚਾਰਨ ਵਾਲੀ ਗੱਲ ਹੈ ਸੋ ਇਹ ਹੈ ਕਿ ਮਾਮਲਾ ਸਿੱਖ ਮੰਦਰਾਂ ਦਾ ਹੈ। ਹਿੰਦੂ ਮੰਦਰਾਂ ਦਾ ਨਹੀਂ ਹੈ, ਹਿੰਦੂ ਮੰਦਰਾਂ ਦੇ ਪ੍ਰਬੰਧ ਦਾ ਜੇ ਕੋਈ ਖਰੜਾ ਕੌਂਸਲ ਵਿੱਚ ਪੇਸ਼ ਹੋਵੇ ਤਾਂ ਸਿੱਖ ਇਹ ਪ੍ਰਣ ਕਰਨੇ ਨੂੰ ਤਯਾਰ ਹਨ ਕਿ ਓਹ ਕਦੇ ਦਖਲਅੰਦਾਜ਼ ਨਹੀਂ ਹੋਣਗੇ, ਅਰ ਕਦੇ ਵਿਚ ਹਿੱਸਾ ਨਹੀਂ ਮੰਗਣਗੇ। ਜੇ ਕਦੇ ਹਿੰਦੂ ਇਹ ਉਜਰ ਪੇਸ਼ ਕਰਨ ਕਿ ਓਹ ਸਿੱਖ ਮੰਦਰਾਂ ਵਿੱਚ ਜਾਂਦੇ ਹਨ, ਚੜ੍ਹਾਵਾ ਚੜ੍ਹਾਂਦੇ ਹਨ, ਤਾਂ ਇਹੋ ਗੱਲ ਸਿੱਖਾਂ ਵੱਲੋਂ ਆਖੀ ਜਾ ਸਕਦੀ ਹੈ ਕਿ ਹਿੰਦੂ ਤੀਰਥਾਂ ਜਗਨ ਨਾਥ, ਬਨਾਰਸ, ਗਯਾ, ਗੰਗਾ ਤੇ ਕਈ ਸਿੱਖ ਜਾਂਦੇ ਹਨ ਤੇ ਲਖਾਂ ਰੁਪੱਯਾਂ ਦੇ ਚੜ੍ਹਾਵੇ ਚੜ੍ਹਾਂਦੇ ਹਨ, ਪਰ ਸਿੱਖ ਕਿਸੇ ਹਿੰਦੂ ਜਗ੍ਹਾ ਦੇ ਕਬਜ਼ੇ ਯਾ ਪ੍ਰਬੰਧ ਵਿਚ ਹਿਸੇਦਾਰੀ ਨਹੀਂ ਮੰਗਦੇ। ਹਿੰਦੂਆਂ ਦੀ ਮਜਹਬੀਆਂ ਆਜ਼ਾਦੀ ਵਿਚ ਦਖ਼ਲ ਨਹੀਂ ਦਿੰਦੇ। ਏਥੋਂ ਤਾਈਂ ਕਿ ਹਿੰਦੂ ਕਾਲਜਾਂ ਡੀ. ਏ. ਵੀ. ਆਦਿਕਾਂ ਵਿਚ ਭਾਰੀਆਂ ਰਕਮਾਂ ਸਿੱਖ ਦੇ ਚੁੱਕੇ ਹਨ, ਬਨਾਰਸ ਯੂਨੀਵਰਸਿਟੀ ਨੂੰ ਸਤ ਲੱਖ ਰੁਪਯਾ ਸਿੱਖਾਂ ਦੇ ਘਰੋਂ ਮਿਲ ਚੁੱਕਾ ਹੈ, ਪਰ ਸਿੱਖਾਂ ਨੇ ਕਦੇ ਪ੍ਰਬੰਧ ਵਿਚ ਦਖਲ ਨਹੀਂ ਦਿੱਤਾ ਤੇ ਕਦੇ ਹਿੱਸੇਦਾਰੀ ਨਹੀਂ ਮੰਗੀ ਤੇ ਨਾ ਹਿੰਦੂਆਂ ਨੇ ਕਦੇ ਆਪੇ ਦਿੱਤੀ ਹੈ, ਫਿਰ ਕਿਉਂ ਸਿੱਖਾਂ ਦੀ ਮਜਹਬੀ ਆਜ਼ਾਦੀ ਵਿੱਚ ਦਖਲਅੰਦਾਜ ਹੋਂਦੇ ਹਨ? ਅਰ ਸਰਕਾਰ ਉਹਨਾਂ ਲਈ ਕਿਉਂ ਫਿਕਰਮੰਦ ਹੈ? ਫੇਰ ਸਖੀ ਸਰਵਰ ਪੌਕਲੇ ਪਟਨ ਮੁਸਲਮਾਨ ਖਾਨਗਾਹਾਂ ਤੇ ਹਿੰਦੂ ਜਾਂਦੇ ਹਨ, ਓਥੇ ਅਪਨੇ ਕਬਜੇ ਕਿਉਂ ਨਹੀਂ ਮੰਗਦੇ। ਇਕ ਮਿੰਟ ਲਈ ਅਸੀਂ ਬਿਨੈ ਕਰਾਂਗੇ ਕਿ ਸਰ ਐਡਵਰਡ ਮੈਕਲੇਗਨ ਤੇ ਕੌਂਸਲ ਦੇ ਸਾਰੇ ਮੈਂਬਰ ਵਿਚਾਰ ਕਰਨ ਕਿ ਮੁਸਲਮਾਨ ਮੰਦਰ ਮੁਸਲਮਾਨਾਂ ਦੇ ਹੱਥ ਹਨ, ਈਸਾਈ ਮੰਦਰ ਈਸਾਈਆਂ ਦੇ ਹੱਥ ਹਨ, ਹਿੰਦੂ ਮੰਦਰ ਹਿੰਦੂਆਂ ਦੇ ਹੱਥ ਹਨ, ਕਿਉਂ ਸਿੱਖਾਂ ਨੂੰ ਅਪਨੇ ਮੰਦਰਾਂ ਦੇ ਆਪ ਪ੍ਰਬੰਧ ਕਰਨ ਦੀ ਸੁਤੰਤ੍ਰਤਾ ਨਹੀਂ ਮਿਲਦੀ, ਇਸ ਵਿੱਚ ਗੈਰਾਂ ਦਾ ਦਖਲ ਲਿਹਾਜ ਤੇ ਅਵਾਜ਼ ਕਿਉਂ ਉੱਠਦੀ ਹੈ ? ਅਸੀਂ ਇਸ ਲਈ ਕੌਂਸਲ ਨੂੰ ਕਹਾਂਗੇ ਕਿ ਇਸ ਵਿਚ ਪ੍ਰੈਜ਼ੀਡੈਂਟ ਦਾ ਵੋਟ 1) ਹੋਣਾ ਚਾਹੀਏ ਯਾ ਚੋਣਵੇਂ ਸਿੱਖ ਮੈਂਬਰ ਵਧਨੇ ਚਾਹੀਏ। 2) ਗੱਲ ਅਸੀਂ ਅਪਨੇ ਪਿਛਲੇ ਪਰਚੇ ਵਿੱਚ ਅਪਨੇ ਨੁਕਤਾਚੀਨੀ ਵਿਚ ਲਿਖੀ ਸੀ ਕਿ ਇਸ ਬਿੱਲ ਦਾ ਮਨਸ਼ਾ ਪੜਤਾਲ ਨਹੀਂ ਸਿੱਖ ਮੰਦਰਾਂ ਦਾ ਕੰਟ੍ਰੋਲ ਸਿੱਖ ਹੱਥਾਂ ਵਿੱਚ ਬਾਅਮਨ ਤ੍ਰੀਕੇ ਨਾਲ ਕਰਾ ਦੇਣਾ ਹੋਵੇ। ਸੋ ਕੌਂਸਲ ਦੇ ਸਿੱਖ ਮੈਂਬਰਾਂ ਵਿਚ ਸਰਦਾਰ ਦਸੌਂਦਾ ਸਿੰਘ, ਸਰਦਾਰ ਤਾਰਾ ਸਿੰਘ, ਸ. ਹਰਨਾਮ ਸਿੰਘ ਤੇ ਸ. ਮਤਾਬ ਸਿੰਘ ਨੇ ਜੋ ਸੀਲੈਕਟ ਕਮੇਟੀ ਦੀ ਰਿਪੋਰਟ ਦੇ ਨਾਲ ਅਪਨੀ ਵੱਖਰੀ ਰਾਏ ਦਿੱਤੀ ਹੈ ਉਸ ਵਿਚ ਦਸਿਆ ਹੈ ਕਿ ਸਾਡੀ ਰਾਇ ਵਿਚ ਇਹ ਗੱਲ ਬਿੱਲ ਵਿਚ ਹੋਣੀ ਚਾਹੀਏ ਕਿ ਸਿੱਖ ਮੰਦਰ ਸਿੱਖ ਕੰਟ੍ਰੋਲ ਵਿਚ ਹੋਣ ਇਸ ਗੱਲ ਨੂੰ ਬਿੱਲ ਵਿੱਚ ਨਾ ਦੇਣਾ ਭਾਰੀ ਭੁੱਲ ਹੈ, ਦੂਸਰਾ ਆਪ ਨੇ ਲਿਖਯਾ ਹੈ ਕਿ ਜੋ ਸਿੱਖ ਸਰਕਾਰ ਚੁਣੇ ਉਹ ਸੁਧਾਰ ਕਰਨ ਵਾਲੇ ਖਯਾਲਾਂ ਦਾ ਹੋਵੇ। ਅਸੀਂ ਆਖਦੇ ਹਾਂ ਇਹੋ ਕਾਫੀ ਨਹੀਂ ਪ੍ਰੈਜ਼ੀਡੈਂਟ ਨੂੰ ਯਾ ਕਾਸਟਿੰਗ ਵੋਟ ਨ ਹੋਵੇ ਤੇ ਸਿੱਖ ਚੋਣਵੇਂ ਮੈਂਬਰ ਵਧੀਕ ਹੋਣ।

ਤੀਸਰੀ ਗੱਲ ਸੀਲੈਕਟ ਕਮੇਟੀ ਨੇ ਇਹ ਮੰਗੀ ਹੈ ਕਿ ਕਮਿਸ਼ਨਰਾਂ ਦੀ ਤਨਖਾਹ ਗੁਰਦੁਆਰਿਆਂ ਦੇ ਫੰਡ ਵਿੱਚੋਂ ਨਾ ਮਿਲੇ। ਗਵਰਨਮੈਂਟ ਇਸ ਪੂਰੇ ਤੋਲ ਵਾਲੀ ਨਜ਼ਰ ਨਾਲ ਤੇ ਕੌਂਸਲ ਦੇ ਮੈਂਬਰ ਇਸੇ ਅਸੂਲ ਨਾਲ ਸਿੱਖਾਂ ਦੀ ਵਸਤ ਸਿੱਖਾਂ ਦੇ ਹੱਥ ਦੇਣ।

ਪ੍ਰੰਤੂ ਅਸੀਂ ਫੇਰ ਬੀ ਕਹਾਂਗੇ ਕਿ ਇਸ ਕੱਚੇ ਕਾਨੂੰਨ ਨਾਲੋਂ ਪੱਕੇ ਕਾਨੂੰਨ ਤੇ ਜੋਰ ਦਿਓ ਤੇ ਉਹੋ ਹੀ ਬਨਵਾਓ। ਇਹ ਜੇ ਪੜਤਾਲ ਲਈ ਹੀ ਬਣਾਨਾ ਹੈ, ਵੋਟਾਂ ਦੀ ਮੈਜਾਰਿਟੀ ਐਸੇ ਹੱਥਾਂ ਵਿੱਚ ਰਹਿਣੀ ਹੈ ਜੋ ਸਿੱਖ ਵਲਵਲਿਆਂ ਤੇ ਸਿੱਖੀ ਜਜ਼ਬਾਤ ਵਾਲੇ ਨਹੀਂ ਤਦ ਇਸਦਾ ਫਲ ਜੋ ਹੋਵੇਗਾ ਉਹ ਕੁਛ ਤਸੱਲੀ ਨਹੀਂ ਬਨ੍ਹਾਂਦਾ ਸਿਵਾ ਇਸਦੇ ਕਿ ਗਵਰਨਮੈਂਟ ਦੀ ਕੋਈ ਸ਼ਖਸ਼ੀ ਕੋਸ਼ਸ਼ ਮਦਦ ਕਰੇ ਜਿਸਦੀ ਕੋਈ ਸ਼ਰਤ ਬਿੱਲ ਵਿੱਚ ਨਹੀਂ ਹੈ। ਬਾਕੀ ਹਿੰਦੂ ਮੁਸਲਮਾਨਾਂ ਦੀ ਵੋਟ ਬੇਮਾਇਅਨੇ ਹਨ ਉਨ੍ਹਾਂ ਦਾ ਸਿੱਖ ਮੰਦਰਾਂ ਦੇ ਮਾਮਲੇ ਵਿੱਚ ਕੋਈ ਦਖਲ ਨਹੀਂ ਹੈ, ਜਦੋਂ ਉਨ੍ਹਾਂ ਦਾ ਕਾਨੂੰਨ ਬਣੇ ਸਿੱਖ ਬਿਲਕੁਲ ਦਖਲ ਨਾ ਦੇਣਗੇ।

## ਫਰੀਦਕੋਟ

ਕੌਂਸਲ ਦੇ ਪ੍ਰਧਾਨ ਸਰਦਾਰ ਇੰਦਰ ਸਿੰਘ ਸੀ ਥਾਪੇ ਗਏ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ। ਇੱਕ ਤਾਂ ਆਪ ਹਰ ਤਰ੍ਹਾਂ ਇਸ ਜਿੰਮੇਵਾਰੀ ਦੇ ਯੋਗ ਸਨ, ਦੂਸਰੇ ਸਿੱਖ ਰਜਾਸਤ ਦੇ ਪ੍ਰਬੰਧ ਤੇ ਸਿੱਖ ਪ੍ਰਧਾਨ ਨੂੰ ਥਾਪਣਾ ਕੌਮ ਦੇ ਕਲੇਜੇ ਠੰਡ ਪਾਣ ਵਾਲੀ ਗੱਲ ਹੈ ਤੇ ਸਰਕਾਰ ਇਸ ਚੋਣ ਲਈ ਧੰਨਯਤਾ ਦੇ ਜੋਗ ਹੈ। ਜੇ ਸਿੱਖ ਰਜਾਸਤਾਂ ਤੇ ਸਿੱਖ ਜਾਇਦਾਦਾਂ ਪਰ ਅਸਿੱਖ ਪ੍ਰਧਾਨ ਜਾਂ ਮੈਨੇਜਰ ਕੋਰਟ ਆਫ ਵਾਰਡਸ ਮੁਕੱਰਰ ਕਰ ਦਿੱਤੇ ਜਾਂਦੇ ਹਨ ਤਾਂ ਸਿੱਖ ਚੁਪ ਭਾਵੇਂ ਕਰ ਰਹਣ ਪਰ ਕਲੇਜਿਆਂ ਵਿਚ ਪੀੜ ਦੀ ਝਰਨਾਟ ਤਿਖੀ ਟੁਰਦੀ ਹੈ। ਗਵਰਨਮੈਂਟ ਦਾ ਇਸ ਪੀੜ ਨੂੰ ਪਛਾਣ ਕੇ ਭੁੱਲ ਨਾ ਕਰਨੀ ਬੜਾ ਅਛਾ ਕੰਮ ਹੈ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੯, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੪੦}

ਮੂਲ [ਰਾਗੁ ਵਡਹੰਸੁ ਮਹਲਾ ੧ ਅਲਾਹਣੀ-੩] ਅਰਥ

ਵਡਹੰਸੁ ਮਹਲਾ ੧ ਦਖਣੀ॥ ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥ ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ॥ ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ॥੧॥

(ਜੋ) ਸੱਚ (=ਸਰੂਪ) ਸਿਰਜਣਹਾਰ ਹੈ (ਉਹੀ) ਸੱਚ (=ਸਰੂਪ) ਪਾਲਣਹਾਰ ਹੈ, (ਉਸੇ ਨੂੰ) ਸੱਚਾ (=ਸਦਾ ਰਹਿਣੇ ਵਾਲਾ) ਜਾਣੀਏ। ਜਿਸ ਨੇ ਆਪੇ ਆਪਣੇ ਆਪ ਨੂੰ (ਨਿਰਗੁਣ ਤੋਂ ਸਰਗੁਣ ਰੂਪ ਵਿਚ) ਸਾਜਿਆ (ਤੇ ਫੇਰ) ਸੱਚਾ ਹੈ, ਅਲਖ ਹੈ ਤੇ ਅਪਾਰ ਹੈ, (ਜਿਸ ਨੇ) ਦੋ ਪੁੜ ਜੋੜਕੇ ਵਿਛੋੜੇ ਹਨ, (ਪਰ ਇਨ੍ਹਾਂ ਗੱਲਾਂ ਦੀ ਸਮਝ) ਗੁਰੂ ਬਿਨਾ (ਨਹੀਂ ਪੈਂਦੀ) ਘੋਰ ਹਨੇਰਾ ਰਹਿੰਦਾ ਹੈ। (ਉਸੇ ਨੇ ਹੀ) ਸੂਰਜ ਤੇ ਚੰਦ ਕੀਤੇ ਹਨ, ਦਿਨ ਤੇ ਰਾਤ ਲਈ (ਤੇ ਉਨ੍ਹਾਂ ਦੀ) ਚਾਲ ਨੂੰ (ਆਪ) ਵੀਚਾਰਦਾ ਹੈ॥੧॥

ਸਚੜਾ ਸਾਹਿਬ ਸਚੁ ਤੂ ਸਚੜਾ ਦੇਹਿ ਪਿਆਰੋ॥ ਰਹਾਉ॥ ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ॥ ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ॥ ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥ ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥੨॥

(ਅਰਦਾਸ) ਸੱਚਾ ਸਾਹਿਬ (ਹਾਂ) ਤੂੰ ਹੀ ਸੱਚ ਹੈਂ, (ਮੈਨੂੰ) (ਆਪਣਾ) ਸੱਚਾ ਪਿਆਰ ਦੇਹ॥ ਰਹਾਉ॥ ਤੂੰ ਹੀ (ਧਰਤੀ=) ਸ੍ਰਿਸ਼ਟੀ ਸਾਜੀ ਹੈ (ਜੋ) ਦੁੱਖ ਸੁੱਖ ਦੇਵਣਹਾਰੀ ਹੈ, ਨਾਰੀ ਪੁਰਖ (ਤੁਸਾਂ) ਬਣਾਏ ਹਨ, (ਜੋ) ਮਾਯਾ ਵਿਹੁ ਦੇ ਮੋਹ ਪਿਆਰ ਵਿਚ ਵਰਤ ਰਹੇ ਹਨ। (ਚਾਰ) ਖਾਣੀਆਂ, (ਚਾਰ) ਬਾਣੀਆਂ (ਬੀ) ਤੇਰੀਆਂ (ਰਚਿਤ ਹਨ), ਜੀਵਾਂ ਨੂੰ ਆਧਾਰ ਬੀ ਤੂੰ ਹੀ ਦੇਣੇ ਵਾਲਾ ਹੈਂ। (ਤੂੰ) ਕੁਦਰਤ ਨੂੰ ਆਪਣਾ ਤਖਤ ਬਣਾਇਆ ਹੈ, (ਇਸ ਤਖ਼ਤ ਤੇ ਬੈਠਕੇ) ਸੱਚ ਦੁਆਰਾ (ਸਭ ਦੇ) ਫੈਸਲੇ ਕਰਨੇ ਵਾਲਾ ਬੀ ਤੂੰਹੋਂ ਹੈਂ॥੨॥

ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ॥ ਜੰਮਣ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ॥ ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ॥ ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ॥੩॥

ਆਵਾਗਵਣ ਬੀ (ਤੂੰਹੋਂ) ਰਚਿਆ ਹੈ (ਤੇ ਇਸ ਤੋਂ ਖਲਾਸੀ ਦੇਕੇ ਜੀਵ ਨੂੰ) ਥਿਰ ਕਰ ਦੇਣ ਵਾਲਾ (ਬੀ) ਤੂੰਹੋਂ ਹੈਂ। (ਨਹੀਂ ਤਾਂ ਇਹ) ਜੀਵ ਵਿਕਾਰਾਂ ਵਿਚ ਬੱਝਾ ਹੋਇਆ ਆਉਣ ਜਾਣ (ਅਰਥਾਤ) ਜੰਮਣ ਮਰਣ ਵਿਚ (ਬੇਬਸ ਹੋ ਗਿਆ) ਹੈ। (ਇਸ) ਭੈੜੇ (ਹੋਏ ਨੇ) ਨਾਮ ਨੂੰ ਭੁਲਾ ਛਡਿਆ ਹੈ, ਇਸ (ਵਿਕਾਰਾਂ ਵਿਚ) ਡੁਬੇ ਹੋਏ ਦਾ (ਹੁਣ) ਕੀਹ ਇਲਾਜ? (ਇਹ ਹੁਣ) ਔਗੁਣਾਂ ਦਾ ਵਪਾਰੀ (ਹੋ ਗਿਆ ਹੈ, ਇਸ ਨੇ) ਗੁਣ ਛਡਕੇ ਜ਼ਹਿਰ (ਜੁ) ਲੱਦ ਲਈ ਹੈ॥੩॥

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ॥ ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣ ਹਾਰੋ॥ ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿਕਾਰੋ॥ ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ॥੪॥

(ਇਸ ਹਿਸਾਬ) ਉਨ੍ਹਾਂ ਪਿਆਰਿਆਂ ਨੂੰ ਸੱਚੇ ਕਰਤਾਰ ਦੇ ਹੁਕਮ ਨਾਲ ਸੱਦੇ ਆ ਗਏ। (ਕਿਸ ਕਰਤਾਰ ਦੇ ਹੁਕਮ ਨਾਲ? ਉੱਤਰ:) ਜੋ ਵਿਛੁੜਿਆਂ ਨੂੰ ਮੇਲਣਹਾਰ ਹੈ, (ਹੁਣ ਉਸੇ ਦੇ ਹੁਕਮ ਨਾਲ ਨਾਰੀ ਤੇ ਪੁਰਖ=) ਵਹੁਟੀ ਗੱਭਰੂ ਵਿਛੁੜ ਗਏ ਹਨ। (ਵਿਛੋੜਦੇ ਹਨ ਆਕੇ ਜਮ, ਜੋ ਸੱਚੀ) ਸਰਕਾਰ ਦੇ ਹੁਕਮ ਦੇ ਬੱਧੇ ਹੋਏ (ਹੁੰਦੇ ਹਨ, ਓਹ) ਨਹੀਂ ਜਾਣਦੇ (ਕਿ ਜਿਸ ਨੂੰ ਮਾਰਨ ਲਗੇ ਹਾਂ ਉਹਦਾ) ਰੂਪ ਸੁਹਣਾ ਹੈ (ਕਿ ਕੋਝਾ), ਨਾ (ਓਹ) ਬਾਲਕ ਬਿਰਧ ਜਾਣਦੇ ਹਨ, (ਓਹ ਤਾਂ ਪਿਆਰਿਆਂ ਦੇ) ਪਿਆਰ ਨੂੰ ਪਿਆਰ ਤੋਂ ਤੋੜ ਦੇਂਦੇ ਹਨ॥੪॥

(ਸ਼ਬਦਾਂ ਦੇ ਬਾਕੀ ਬੰਦ ਅਗਲੇ ਅੰਕ ਵਿਚ)

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਲੈਫਟੀਨੈਂਟ ਜਨਰਲ ਮਨਜਿੰਦਰ ਸਿੰਘ ਬਣੇ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼



ਲੈਫਟੀਨੈਂਟ ਜਨਰਲ ਮਨਜਿੰਦਰ ਸਿੰਘ ਨੇ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼ ਵਜੋਂ ਕਮਾਨ ਸੰਭਾਲ ਲਈ ਹੈ। ਰੱਖਿਆ ਮੰਤਰਾਲੇ ਦੇ ਬੁਲਾਰੇ ਵਲੋਂ ਮੁੱਹਈਆ ਕੀਤੀ ਗਈ ਜਾਣਕਾਰੀ ਅਨੁਸਾਰ ਕਮਾਂਡ ਹੈਡਕੁਆਰਟਰ ਪਹੁੰਚਣ ਤੋਂ ਪਹਿਲਾਂ ਲੈਫ਼. ਜਨਰਲ ਮਨਜਿੰਦਰ ਸਿੰਘ ਨੇ 'ਵੀਰ ਸਮ੍ਰਿਤੀ ਜੰਗੀ ਯਾਦਗਾਰ' ਵਿਖੇ ਸ਼ਰਧਾਂਜਲੀ ਭੇਟ ਕੀਤੀ। ਸੈਨਿਕ ਸਕੂਲ ਕਪੂਰਥਲਾ ਦੇ ਵਿਦਿਆਰਥੀ ਰਹੇ ਮਨਜਿੰਦਰ ਸਿੰਘ ਨੇ 20 ਦਸੰਬਰ 1986 ਨੂੰ 19 ਮਦ੍ਰਾਸ ਰੈਜੀਮੈਂਟ ਵਿਚ ਕਮਿਸ਼ਨ ਹਾਸਲ ਕੀਤਾ ਸੀ ਜੋ ਹੁਣ ਤਰੱਕੀ ਕਰਕੇ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼ ਬਣੇ ਹਨ। ਜ਼ਿਕਰਯੋਗ ਹੈ ਇਸ ਕਮਾਂਡ ਦੇ ਅਧੀਨ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਤੇ ਜੰਮੂ ਦੇ ਕੁਝ ਹਿੱਸੇ ਆਉਂਦੇ ਹਨ।

## ਲੈਫਟੀਨੈਂਟ ਜਨਰਲ ਅਮਰਦੀਪ ਸਿੰਘ ਭਿੰਡਰ ਦੱਖਣੀ-ਪੱਛਮੀ ਕਮਾਂਡ ਦੇ ਮੁਖੀ ਬਣੇ



ਲੈਫਟੀਨੈਂਟ ਜਨਰਲ ਅਮਰਦੀਪ ਸਿੰਘ ਭਿੰਡਰ ਨੇ 1 ਅਪ੍ਰੈਲ, 2021, ਵੀਰਵਾਰ ਨੂੰ ਜੈਪੁਰ ਸਥਿਤ ਦੱਖਣੀ-ਪੱਛਮੀ ਕਮਾਂਡ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਰੱਖਿਆ ਮੰਤਰਾਲੇ ਦੇ ਏਕੀਕ੍ਰਤ ਹੈਡਕੁਆਰਟਰ 'ਚ ਡਿਪਟੀ ਚੀਫ਼ ਆਫ਼ ਆਰਮੀ ਸਟਾਫ਼ ਵਜੋਂ ਤੈਨਾਤ ਸਨ। ਇਸ ਬਾਰੇ ਰੱਖਿਆ ਬੁਲਾਰੇ ਨੇ ਕਿਹਾ ਕਿ ਕਮਾਨ ਸੰਭਾਲਣ ਤੋਂ ਬਾਅਦ ਉਹਨਾਂ ਨੇ ਬਹੁਆਯਾਮੀ ਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਭ ਰੈਂਕਾਂ ਨੂੰ ਆਪਰੇਸ਼ਨਲ ਰੂਪ ਨਾਲ ਤਿਆਰ ਹੋਣ ਦਾ ਸੰਕੇਤ ਦਿੱਤਾ। ਲੈਫ਼. ਜਨਰਲ ਭਿੰਡਰ ਨੇ 31 ਮਾਰਚ ਨੂੰ ਸੇਵਾਮੁਕਤ ਹੋਏ ਲੈਫਟੀਨੈਂਟ ਜਨਰਲ ਆਲੋਕ ਕਲੇਰ ਦੀ ਥਾਂ ਅਹੁਦਾ ਸੰਭਾਲਿਆ ਹੈ।

## 'ਫੇਥ ਫਾਰ ਰਾਈਟਸ' ਦੇ ਵੀਡੀਓ 'ਚ ਗੁਰਬਾਣੀ ਦਾ ਸ਼ਬਦ ਸ਼ਾਮਲ

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਸੰਗਠਨ ਨੇ 'ਫੇਥ ਫਾਰ ਰਾਈਟਸ' ਦੇ ਨਾਂ ਹੇਠ ਕਰਵਾਏ ਗਏ ਸਾਲਾਨਾ ਸਮਾਗਮ ਵਿਚ ਮਨੁੱਖੀ ਬਰਾਬਰੀ ਅਤੇ ਔਰਤ-ਮਰਦ ਸਮਾਨਤਾ ਬਾਰੇ 30 ਮਾਰਚ ਨੂੰ ਇਕ ਵੀਡੀਓ ਜਾਰੀ ਕੀਤੀ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਕ ਸ਼ਬਦ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਵੀਡੀਓ ਵਿਚ ਗੁਰਬਾਣੀ ਦਾ ਸ਼ਬਦ ਸੰਯੁਕਤ ਰਾਸ਼ਟਰ ਦੀ ਮਨੁੱਖੀ ਸੰਸਥਾ ਦੇ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਡਾ. ਇਕਤਦਾਰ ਚੀਮਾ ਨੇ ਗਾਇਨ ਕੀਤਾ ਹੈ ਅਤੇ ਉਹਨਾਂ ਨੇ ਵੀਡੀਓ ਵਿਚ ਸ਼ਬਦ ਦੀ ਸ਼ਮੂਲੀਅਤ ਲਈ ਅਹਿਮ ਭੂਮਿਕਾ ਵੀ ਨਿਭਾਈ ਹੈ। ਸੰਯੁਕਤ ਰਾਸ਼ਟਰ ਵਲੋਂ ਗੁਰਬਾਣੀ ਨੂੰ ਇਸ ਪੱਧਰ ਤੇ ਮਾਨਤਾ ਦਿੱਤੇ ਜਾਣ ਦੀ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਭਾਈਚਾਰੇ ਨੇ ਬਹੁਤ ਸ਼ਲਾਘਾ ਕੀਤੀ ਹੈ।

## ਨਿਊਜ਼ੀਲੈਂਡ ਦੇ ਸਿੱਖ ਭਾਈਚਾਰੇ ਨੇ ਤਿਆਰ ਕੀਤਾ ਬਹੁ-ਮੰਤਵੀ ਸਪੋਰਟਸ ਕੰਪਲੈਕਸ

ਨਿਊਜ਼ੀਲੈਂਡ ਵਿਚ ਸੁਪ੍ਰੀਮ ਸਿੱਖ ਸੋਸਾਇਟੀ ਵਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਔਕਲੈਂਡ ਦੇ ਸ਼ਹਿਰ ਟਾਕਾਨਿਨੀ ਵਿਖੇ 11 ਏਕੜ ਦੇ ਵਿਚ ਕੌਮਾਂਤਰੀ ਪੱਧਰ ਦਾ ਬਹੁ-ਮੰਤਵੀ ਸਪੋਰਟਸ ਕੰਪਲੈਕਸ ਉਸਾਰਿਆ ਗਿਆ ਹੈ ਜਿਸ ਉੱਤੇ 25 ਮਿਲੀਅਨ ਡਾਲਰ ਦੇ ਕਰੀਬ ਖਰਚਾ ਆਇਆ ਹੈ। ਇਸਦਾ ਉਦਘਾਟਨ ਉੱਥੋਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ਼੍ਰੀਮਤੀ ਜੈਸਿੰਡਾ ਆਰਨ ਨੇ ਕੀਤਾ। ਇਸ ਮੌਕੇ ਇੱਥੋਂ ਦੇ ਵਿਰੋਧੀ ਧਿਰ ਦੇ ਆਗੂ ਜੂਡਿਥ ਕੋਲਿਨਜ਼ ਸਮੇਤ ਰਾਜਨੀਤਿਕ ਤੇ ਧਾਰਮਿਕ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ। ਇਸ ਸਪੋਰਟਸ ਕੰਪਲੈਕਸ ਵਿਚ ਫੀਫਾ ਤੋਂ ਮਾਨਤਾ ਪ੍ਰਾਪਤ ਫੁੱਟਬਾਲ ਗਰਾਉਂਡ, ਐਫਆਈਐਚ ਦੀਆਂ ਸ਼ਰਤਾਂ ਪੂਰੀਆਂ ਕਰਦਾ ਹਾਕੀ ਮੈਦਾਨ, ਪੰਜਾਬ ਸਟਾਈਲ ਕਬੱਡੀ ਮੈਦਾਨ, ਚਾਰ ਰਨਿੰਗ ਟ੍ਰੈਕ, ਨੈੱਟ ਬਾਲ, ਵਾਲੀ ਬਾਲ, ਬਾਸਕੇਟ ਬਾਲ ਤੋਂ ਇਲਾਵਾ ਕਾਰ ਪਾਰਕਿੰਗ, ਬਾਥਰੂਮ ਆਦਿ ਸਾਰੀਆਂ ਸਹੂਲਤਾਂ ਉਪਲਬਧ ਹਨ। ❖ ❖